@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Tuesday, 28 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 28 ਮਈ 2024, 14 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 188, qpatrika@gmail.com ਫੋਨ : 9971359517 www.qaumipatrika.org

ਬੀਬੀ ਹਰਸਿਮਰਤ ਕੌਰ ਬਾਦਲ ਦੀ ਵਾਇਰਲ ਹੋ ਰਹੀ ਇਸ ਤਸਵੀਰ ਦੀ ਜਾਣੋ ਕੀ ਹੈ ਸੱਚਾਈ

ਬਠਿੰਡਾ 27 ਮਈ। ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੀ ਇਕ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਤਸਵੀਰ ਵਿਚ ਉਨ੍ਹਾਂ ਨੂੰ ਦੇਸ਼ ਦੀ ਪਾਰਲੀਮੈਂਟ ਅੰਦਰ ਹੱਥ ਦੇ ਵਿੱਚ ਇਕ ਕਾਰਡ ਫੜ੍ਹਿਆ ਵੇਖਿਆ ਜਾ ਸਕਦਾ ਹੈ। ਇਸ ਕਾਰਡ ਉੱਤੇ ਲਿਖਿਆ ਹੈ, "ਕਿਸਾਨ ਹਨ ਖੇਤੀ ਬਿੱਲ ਦੇ ਵਿਰੋਧ 'ਚ, ਮੈਂ ਨਹੀਂ : ਹਰਸਿਮਰਤ ਬਾਦਲ। ਇਸ ਤਸਵੀਰ ਨੂੰ ਅਸਲ ਦੱਸਦਿਆਂ ਖੂਬ ਵਾਇਰਲ ਕੀਤਾ ਜਾ ਰਿਹਾ ਹੈ। ਫੇਸਬੁੱਕ ਯੂਜ਼ਰ 'ਲਖਵੀਰ ਸਿੰਘ' ਨੇ ਵਾਇਰਲ ਤਸਵੀਰ ਸਾਂਝੀ ਕਰਦਿਆਂ ਹਰਸਿਮਰਤ ਬਾਦਲ 'ਤੇ ਨਿਸ਼ਾਨੇ ਸਾਧੇ। ਵਾਇਰਲ ਇਹ ਪੋਸਟ ਹੇਠਾਂ ਕਲਿੱਕ ਕਰ ਵੇਖਿਆ ਜਾ ਸਕਦਾ ਹੈ। ਅਸੀਂ ਵਾਇਰਲ ਹੋ ਰਹੇ ਦਾਅਵੇ ਦੀ ਪੜਤਾਲ ਸ਼ੁਰੂ ਕੀਤੀ। ਅਸੀਂ ਸਭ ਤੋਂ ਪਹਿਲਾਂ ਇਸ ਤਸਵੀਰ ਨੂੰ ਧਿਆਨ ਨਾਲ ਵੇਖਿਆ ਅਤੇ ਤਸਵੀਰ ਨੂੰ ਰਿਵਰਸ ਇਮੇਜ ਸਰਚ ਕੀਤਾ। ਸਾਨੂੰ ਅਸਲ ਤਸਵੀਰ ਮੀਡਿਆ ਅਦਾਰਾ ਵੱਲੋਂ 30 ਜੁਲਾਈ 2021 ਨੂੰ ਪ੍ਰਕਾਸ਼ਿਤ ਖਬਰ ਦੇ ਵਿਚ ਅਪਲੋਡ ਮਿਲੀ। ਪੀ. ਟੀ. ਸੀ. ਨਿਊਜ਼ ਖਬਰ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਹਰਸਿਮਰਤ ਬਾਦਲ ਨੇ ਦੇਸ਼ ਦੀ ਪਾਰਲੀਮੈਂਟ ਵਿਖੇ ਕਿਸਾਨਾਂ ਦੇ ਹੱਕ 'ਚ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਸੀ ਅਤੇ ਬਿਆਨ ਦਿੱਤਾ ਸੀ ਕਿ ਜਦੋਂ ਤਕ ਕਾਨੂੰਨ ਵਾਪਸ ਨਹੀਂ ਹੁੰਦੇ ਓਦੋਂ ਤੱਕ ਅਕਾਲੀ ਦਲ ਹਾਰ ਨਹੀਂ ਮੰਨੇਗਾ। ਅਕਾਲੀ ਦਲ ਦੀ ਆਗੂ ਹਰਸਿਮਰਤ ਬਾਦਲ ਨੇ 30 ਜੁਲਾਈ 2021 ਨੂੰ ਇਸ ਤਸਵੀਰ ਨੂੰ ਆਪਣੇ ਐਕਸ (ਪਹਿਲਾ ਟਵਿੱਟਰ) 'ਤੇ ਵੀ ਸਾਂਝਾ ਕੀਤਾ ਸੀ। ਸਾਡੀ ਜਾਂਚ ਤੋਂ ਸਪਸਟ ਹੁੰਦਾ ਹੈ ਕਿ ਵਾਇਰਲ ਹੋ ਰਹੀ ਇਹ ਤਸਵੀਰ ਐਡੀਟਡ ਹੈ। ਅਸਲ ਤਸਵੀਰ ਸਾਲ 2021 ਦੀ ਹੈ, ਜਦੋਂ ਹਰਸਿਮਰਤ ਕੌਰ ਬਾਦਲ ਨੇ ਦੇਸ਼ ਦੀ ਪਾਰਲੀਮੈਂਟ ਵਿਚ 3 ਖੇਤੀ ਕਾਨੂੰਨਾਂ ਦਾ ਵਿਰੋਧ ਕੀਤਾ ਸੀ।

ਪ੍ਰਧਾਨ ਮੰਤਰੀ ਮੋਦੀ ਦੀ 'ਮੁਜਰਾ' ਟਿੱਪਣੀ ਬਿਹਾਰ ਦਾ ਅਪਮਾਨ ਹੈ : ਖੜਗੇ

ਸਾਸਾਰਾਮ 27 ਮਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ 'ਮੁਜਰਾ' ਟਿੱਪਣੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਇਹ ਟਿੱਪਣੀ ਕਰ ਕੇ 'ਬਿਹਾਰ ਦਾ ਅਪਮਾਨ' ਕੀਤਾ। ਸਾਸਾਰਾਮ ਲੋਕ

ਸਭਾ ਖੇਤਰ ਤੋਂ ਕਾਂਗਰਸ ਨੇਤਾ ਅਤੇ ਮਹਾਗਠਜੋੜ ਦੇ ਉਮੀਦਵਾਰ ਮਨੋਜ ਕੁਮਾਰ ਦੇ ਪੱਖ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਖੜਗੇ ਨੇ ਕਿਹਾ,"ਪ੍ਰਧਾਨ ਮੰਤਰੀ ਨੇ ਸ਼ੁੱਕਰਵਾਰ ਨੂੰ ਬਿਹਾਰ 'ਚ ਇਕ ਚੋਣ ਰੈਲੀ 'ਚ ਵਿਰੋਧੀ ਨੇਤਾਵਾਂ ਲਈ 'ਮੁਜਰਾ' ਸ਼ਬਦ ਦਾ ਇਸਤੇਮਾਲ ਕੀਤਾ। ਪ੍ਰਧਾਨ ਮੰਤਰੀ ਮੋਦੀ ਖੁਦ ਨੂੰ 'ਤੀਸਮਾਰਖਾਂ' ਮੰਨਦੇ ਹਨ, ਉਹ ਗਲਤ ਧਾਰਨਾ 'ਚ ਹਨ। ਜਨਤਾ ਹੀ ਅਸਲੀ 'ਤੀਸਮਾਰਖਾਂ' ਹੈ। ਉਹ (ਪ੍ਰਧਾਨ ਮੰਤਰੀ) ਇਕ ਤਾਨਾਸ਼ਾਹ ਹਨ, ਜੇਕਰ ਤੀਜੀ ਵਾਰ ਪ੍ਰਧਾਨ ਮੰਤਰੀ ਬਣੇ ਤਾਂ ਲੋਕਾਂ ਨੂੰ ਕੁਝ ਵੀ ਕਹਿਣ ਦੀ ਇਜਾਜਤ ਨਹੀਂ ਹੋਵੇਗੀ।

ਕੇਜਰੀਵਾਲ ਨੇ ਸੁਪਰੀਮ ਕੋਰਟ 'ਚ ਦਾਇਰ ਕੀਤੀ ਨਵੀਂ ਪਟੀਸ਼ਨ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 27 ਮਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੁਪਰੀਮ ਕੋਰਟ ਵਿਚ ਇਕ ਨਵੀਂ ਪਟੀਸ਼ਨ ਦਾਇਰ ਕੀਤੀ ਹੈ। ਇਸ ਪਟੀਸ਼ਨ ਵਿਚ ਕੇਜਰੀਵਾਲ ਨੇ ਆਪਣੀ ਅੰਤਰਿਮ ਜਮਾਨਤ 7 ਦਿਨ ਹੋਰ ਵਧਾਉਣ ਦੀ ਮੰਗ ਕੀਤੀ ਹੈ। ਕੇਜਰੀਵਾਲ ਨੇ ਆਪਣੀ ਨਵੀਂ ਪਟੀਸ਼ਨ ਵਿਚ ਸਿਹਤ ਕਾਰਨਾਂ ਦਾ ਹਵਾਲਾ ਦੇ ਕੇ 7 ਦਿਨ ਦਾ ਹੋਰ ਸਮਾਂ ਮੰਗਿਆ ਹੈ। ਉਨ੍ਹਾਂ ਨੇ ਇਸ ਦੀ ਵਜ੍ਹਾ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੂੰ - ਸਕੈਨ ਨਾਲ ਕਈ ਦੂਜੇ ਟੈਸਟ ਕਰਾਉਣੇ ਹਨ। ਇਸ ਲਈ ਉਨ੍ਹਾਂ ਨੂੰ ਸਾਰੇ ਟੈਸਟਾਂ ਲਈ 7 ਦਿਨ ਦਾ ਸਮਾਂ ਮੰਗਿਆ ਹੈ। ਪਟੀਸ਼ਨ ਵਿਚ ਉਨ੍ਹਾਂ ਨੇ ਵਜਨ 7 ਕਿਲੋਗ੍ਰਾਮ ਘੱਟ ਹੋਣ ਦਾ ਵੀ ਜਿ?ਕਰ ਕੀਤਾ ਗਿਆ ਹੈ। ਜਿ?ਕਰਯੋਗ ਹੈ ਕਿ ਦਿੱਲੀ ਸ਼ਰਾਬ ਨੀਤੀ ਕੇਸ ਵਿਚ ਘਿਰੇ ਕੇਜਰੀਵਾਲ ਨੂੰ ਸੁਪਰੀਮ ਕੋਰਟ ਨੇ 10 ਮਈ ਨੂੰ ਅੰਤਰਿਮ ਜਮਾਨਤ ਦਿੱਤੀ ਸੀ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਵਿਰੋਧ ਦੇ ਬਾਵਜੂਦ

ਸੁਪਰੀਮ ਕੋਰਟ ਨੇ ਲੋਕ ਸਭਾ ਚੋਣਾਂ ਨੂੰ ਵੇਖਦਿਆਂ ਕੇਜਰੀਵਾਲ ਨੂੰ 1 ਜੂਨ ਤੱਕ ਅੰਤਰਿਮ ਜਮਾਨਤ ਦੇਣ ਦਾ ਫੈਸਲਾ ਕੀਤਾ ਸੀ। ਕੇਜਰੀਵਾਲ ਨੂੰ ਕਿਹਾ ਗਿਆ ਸੀ ਕਿ ਇਸ ਦੌਰਾਨ ਆਪਣੇ ਦਫਤਰ ਜਾਂ ਦਿੱਲੀ ਸਕੱਤਰੇਤ ਨਹੀਂ ਜਾ ਸਕਦੇ ਅਤੇ ਨਾ ਹੀ ਕਿਸੇ ਵੀ ਸਰਕਾਰੀ ਫਾਈਲ 'ਤੇ ਉਦੋਂ ਤੱਕ ਦਸਤਖਤ ਕਰ ਸਕਦੇ ਹਨ, ਜਦੋਂ ਤੱਕ ਉਪ ਰਾਜਪਾਲ ਦੀ ਮਨਜੂਰੀ ਪ੍ਰਾਪਤ ਕਰਨ ਲਈ ਅਜਿਹਾ ਕਰਨਾ ਜਰੂਰੀ ਨਾ ਹੋਵੇ। ਦੱਸ ਦੇਈਏ ਕਿ ਕੇਜਰੀਵਾਲ ਹੁਣ ਖਤਮ ਹੋ ਚੁੱਕੀ ਦਿੱਲੀ ਆਬਕਾਰੀ ਨੀਤੀ 2021-22 'ਚ ਬੇਨਿਯਮੀਆਂ ਨਾਲ ਸਬੰਧਿਤ ਮਨੀ ਲਾਂਡਰਿੰਗ ਜਾਂਚ ਦੇ ਸਿਲਸਿਲੇ ਵਿਚ 21 ਮਾਰਚ ਨੂੰ ਈਡੀ ਨੇ ਗ੍ਰਿਫਤਾਰ ਕੀਤਾ ਸੀ। ਈਡੀ ਨੇ ਉਨ੍ਹਾਂ ਨੂੰ ਮਾਮਲੇ ਵਿਚ ਪੁੱਛਗਿੱਛ ਲਈ 9 ਸੰਮਨ ਜਾਰੀ ਕੀਤੇ ਸਨ। ਕੇਜਰੀਵਾਲ ਕਿਸੇ ਵੀ ਸੰਮਨ 'ਤੇ ਪੇਸ਼ ਨਹੀਂ ਹੋਏ ਸਨ। ਈਡੀ ਦਾ ਦੋਸ਼ ਹੈ ਕਿ ਉਹ ਘਪਲੇ ਦੇ ਮੁੱਖ ਸਾਜਿ?ਸ਼ਕਰਤਾ ਸਨ ਅਤੇ ਸਿੱਧੇ ਤੌਰ 'ਤੇ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ ਵਿਚ ਸ਼ਾਮਲ ਸਨ।

'ਮੁਜਰਾ' ਟਿੱਪਣੀ 'ਤੇ ਓਵੈਸੀ ਦੀ ਤਿੱਖੀ ਪ੍ਰਤੀਕਿਰਿਆ, ਕਿਹਾ ਡਿਸਕੋ, ਭੰਗੜਾ ਤੇ ਭਾਰਤ ਨਾਟਿਯਮ ਕਰ ਰਹੇ ਮੋਦੀ

ਪਟਨਾ 27 ਮਈ। ਆਲ ਇੰਡੀਆ ਮਜਲਿਸ-ਏ-ਇਤੇਹਾਦੁਲ ਮੁਸਲਿਮੀਨ (ਏ. ਆਈ. ਐੱਮ. ਆਈ. ਐੱਮ.) ਦੇ ਮੁਖੀ ਅਸਦੁਦੀਨ ਓਵੈਸੀ ਨੇ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਮੁਜਰਾ' ਟਿੱਪਣੀ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਮੋਦੀ ਡਿਸਕੋ, ਭੰਗੜਾ ਤੇ ਭਾਰਤ ਨਾਟਿਯਮ ਕਰ ਰਹੇ ਹਨ। ਹੈਦਰਾਬਾਦ ਦੇ ਸੰਸਦ ਮੈਂਬਰ ਬਿਹਾਰ ਦੇ ਪਾਟਲੀਪੁੱਤਰ ਲੋਕ ਸਭਾ ਹਲਕੇ 'ਚ ਆਪਣੀ ਪਾਰਟੀ ਦੇ ਉਮੀਦਵਾਰ ਦੇ

ਹੱਕ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਵਿਰੋਧੀ ਪਾਰਟੀਆਂ 'ਤੇ ਆਪਣੇ ਵੋਟ ਬੈਂਕ ਲਈ ਮੁਜਰਾ ਕਰਨ ਦਾ ਦੋਸ਼ ਲਾਇਆ ਸੀ। ਓਵੈਸੀ ਨੇ ਕਿਹਾ, "ਕੀ ਪ੍ਰਧਾਨ ਮੰਤਰੀ ਨੂੰ ਇਸ ਤਰ੍ਹਾਂ ਦੀ ਭਾਸਾ ਵਰਤਣੀ ਚਾਹੀਦੀ ਹੈ? ਕੀ ਮੋਦੀ ਜੀ ਸੋਚਦੇ ਹਨ ਕਿ ਸਾਡੇ ਮੂੰਹ 'ਚ ਜ਼ੁਬਾਨ ਨਹੀਂ ਹੈ? ਬਹੁਤ ਬੋਲ ਸਕਦੇ ਹਾਂ ਅਸੀਂ। ਤੁਹਾਡੇ ਆਰ. ਐੱਸ. ਐੱਸ. ਦੇ ਇਤਿਹਾਸ ਨੂੰ ਅਸੀਂ ਬਿਆਨ ਕਰ ਸਕਦੇ ਹਾਂ।" ਉਨ੍ਹਾਂ ਦੋਸ਼ ਲਾਇਆ, "ਪਿਛਲੇ ਤਿੰਨ ਸਾਲਾਂ ਤੋਂ ਚੀਨ ਭਾਰਤ ਦੇ ਲਗਭਗ 2,000 ਵਰਗ ਕਿਲੋਮੀਟਰ ਇਲਾਕੇ 'ਤੇ ਕਬਜਾ ਕਰ ਕੇ ਬੈਠਾ ਹੈ। ਮੋਦੀ ਜੀ, ਤੁਸੀਂ ਉਸ ਚੀਨ ਨੂੰ ਨਹੀਂ ਹਟਾ ਸਕੇ ਤਾਂ ਕੀ ਤੁਸੀਂ ਚੀਨ ਨਾਲ ਡਿਸਕੋ ਡਾਂਸ ਕਰ ਰਹੇ ਸੀ?"

31 ਮਈ ਨੂੰ ਐੱਸ.ਆਈ.ਟੀ. ਦੇ ਸਾਹਮਣੇ ਹੋਵਾਂਗਾ ਪੇਸ਼ : ਪ੍ਰਜਵਲ ਰੇਵੰਨਾ

ਬੈਂਗਲੂਰੂ 27 ਮਈ। ਵਿਦੇਸ਼ ਜਾਣ ਦੇ ਠੀਕ ਇਕ ਮਹੀਨੇ ਬਾਅਦ ਕਰਨਾਟਕ ਦੇ ਹਾਸਨ ਤੋਂ ਸੰਸਦ ਮੈਂਬਰ ਪ੍ਰਜਵਲ ਰੇਵੰਨਾ ਨੇ ਕਿਹਾ ਹੈ ਕਿ ਉਹ 31 ਮਈ ਨੂੰ ਵਿਸ਼ੇਸ਼ ਜਾਂਚ ਦਲ (ਐੱਸ.ਆਈ.ਟੀ.) ਦੇ ਸਾਹਮਣੇ ਪੇਸ਼ ਹੋਣਗੇ, ਜੋ ਉਨ੍ਹਾਂ 'ਤੇ ਲੱਗੇ ਕਈ ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਕਰ ਰਿਹਾ ਹੈ। ਕਨੰਡ ਟੀਵੀ ਚੈਨਲ ਏਸ਼ੀਆਨੇਟ ਸੁਵਰਨ ਨਿਊਜ 'ਤੇ ਪ੍ਰਸਾਰਿਤ ਵੀਡੀਓ ਬਿਆਨ 'ਚਪ੍ਰਜਵਲ ਰੇਵੰਨਾ ਨੇ ਕਿਹਾ,"ਮੈਂ ਨਿੱਜੀ ਰੂਪ ਨਾਲ ਸ਼ੁੱਕਰਵਾਰ ਨੂੰ 31 ਮਈ ਸਵੇਰੇ 10 ਵਜੇ ਐੱਸ.ਆਈ.ਟੀ. ਦੇ ਸਾਹਮਣੇ ਪੇਸ਼ ਹੋ ਕੇ ਜਾਂਚ 'ਚ ਸਹਿਯੋਗ ਕਰਾਂਗਾ ਅਤੇ ਇਨ੍ਹਾਂ 'ਤੇ (ਦੋਸ਼ਾਂ 'ਤੇ) ਜਵਾਬ ਦੇਵਾਂਗਾ। ਮੈਨੂੰ ਅਦਾਲਤ 'ਤੇ ਭਰੋਸਾ ਹੈ ਅਤੇ ਵਿਸ਼ਵਾਸ ਹੈ ਕਿ ਮੈਂ ਅਦਾਲਤ ਦੇ ਮਾਧਿਅਮ ਨਾਲ ਝੂਠੇ ਮਾਮਲਿਆਂ 'ਚ ਪਾਕਿ-ਸਾਫ ਸਾਬਿਤ ਹੋਵੇਗਾ।" ਪ੍ਰਜਵਲ ਦੀ ਪਾਰਟੀ ਜਨਤਾ ਦਲ (ਸੈਕਿਊਲਰ) ਜਾਂ ਉਨ੍ਹਾਂ ਦੇ ਪਰਿਵਾਰ ਵਲੋਂ ਤੁਰੰਤ ਇਸ ਬਾਰੇ ਕੋਈ ਪੁਸ਼ਟੀ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ,"ਭਗਵਾਨ, ਜਨਤਾ ਅਤੇ ਪਰਿਵਾਰ ਦਾ ਆਸ਼ੀਰਵਾਦ ਮੇਰੇ 'ਤੇ ਬਣਿਆ ਰਹੇ। ਮੈਂ ਯਕੀਨੀ ਤੌਰ 'ਤੇ ਸ਼ੁੱਕਰਵਾਰ 31 ਮਈ ਨੂੰ ਐੱਸ.ਆਈ.ਟੀ. ਦੇ ਸਾਹਮਣੇ ਹਾਜਰ ਹੋਵਾਂਗਾ। ਆਉਣ ਦੇ ਬਾਅਦ ਮੈਂ ਇਹ ਸਭ ਖਤਮ ਕਰਨ ਦੀ ਕੋਸ਼ਿਸ਼ ਕਰਾਂਗਾ। ਮੇਰੇ 'ਤੇ ਭਰੋਸਾ ਰੱਖੋ। ਜਨਤਾ ਦਲ (ਐੱਸ) ਦੇ ਮੁਖੀ ਅਤੇ ਸਾਬਕਾ ਪ੍ਰਧਾਨ ਮੰਤਰੀ ਐੱਚ.ਡੀ. ਦੇਵਗੌੜਾ ਦੇ ਪੋਤੇ ਅਤੇ ਹਾਸਨ ਲੋਕ ਸਭਾ ਖੇਤਰ ਤੋਂ ਰਾਸ਼ਟਰੀ ਜਨਤਾਂਤਰਿਕ ਗਠਜੋੜ (ਰਾਜਗ) ਦੇ ਉਮੀਦਵਾਰ ਪ੍ਰਜਵਲ (33) 'ਤੇ ਕਈ ਔਰਤਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹਨ। ਹਾਸਨ ਲੋਕ ਸਭਾ ਸੀਟ 'ਤੇ ਵੋਟਿੰਗ ਦੇ ਇਕ ਦਿਨ ਬਾਅਦ 27 ਅਪ੍ਰੈਲ ਨੂੰ ਪ੍ਰਜਵਲ ਜਰਮਨੀ ਚਲੇ ਗਏ ਸਨ।

ਅਨੁਸੂਚਿਤ ਜਾਤੀ ਅਤੇ ਪਛੜੀਆਂ ਸ੍ਰੇਣੀਆਂ ਦਾ ਰਿਜਰਵੇਸ਼ਨ ਖੋਹਣ ਵਾਲਿਆਂ ਦੇ ਸਾਹਮਣੇ ਮੋਦੀ ਖੜ੍ਹਾ ਹੈ: ਪ੍ਰਧਾਨ ਮੰਤਰੀ ਮੋਦੀ

ਏਜੰਸੀਆਂ

ਮਿਰਜਾਪੁਰ 27 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਵਿੰਧਿਆ ਭੂਮੀ 'ਚ 'ਇੰਡੀਆ' ਗਠਜੋੜ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਇਹ ਲੋਕ ਰਿਜਰਵੇਸ਼ਨ ਖਤਮ ਕਰਕੇ ਮੁਸਲਮਾਨਾਂ ਨੂੰ ਦੇਣਾ ਚਾਹੁੰਦੇ ਹਨ ਪਰ ਮੋਦੀ ਉਨ੍ਹਾਂ ਲੋਕਾਂ ਦੇ ਸਾਹਮਣੇ ਖੜ੍ਹੇ ਹਨ ਜੋ , ਅਤੇ ਪਿਛੜੀਆਂ ਸ੍ਰੇਣੀਆਂ ਦਾ ਰਿਜਰਵੇਸ਼ਨ ਖੋਹ ਰਹੇ ਹਨ। ਇੱਥੇ ਸੋਨਭੱਦਰ ਤੋਂ ਦੀ 'ਅਪਨਾ ਦਲ' ਦੀ ਉਮੀਦਵਾਰ ਅਨੁਪ੍ਰਿਆ ਪਟੇਲ ਅਤੇ ਇਸੇ ਪਾਰਟੀ ਦੀ ਰਿਕੀ ਕੋਲ ਦੇ ਸਮਰਥਨ ਵਿਚ ਆਯੋਜਿਤ ਸਭਾ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ 'ਇੰਡੀਆ' ਗਠਜੋੜ ਦੀਆਂ ਮੁੱਖ ਪਾਰਟੀਆਂ ਸਮਾਜਵਾਦੀ ਪਾਰਟੀ (ਸਪਾ) ਅਤੇ ਕਾਂਗਰਸ 'ਤੇ ਨਿਸਾਨਾ ਵਿੰਨ੍ਹਿਆ। ਰਿਜਰਵੇਸਨ ਦੇ ਮੁੱਦੇ 'ਤੇ ਕਿਹਾ ਕਿ ਇਹ ਗਠਜੋੜ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ੍ਰੇਣੀਆਂ ਲਈ ਰਿਜਰਵੇਸ਼ਨ ਖਤਮ ਕਰਕੇ ਮੁਸਲਮਾਨਾਂ ਨੂੰ ਦੇਣਾ ਚਾਹੁੰਦਾ ਹੈ। ਇਹ ਮੋਦੀ ਦੀ ਗਾਰੰਟੀ ਹੈ ਕਿ ਧਰਮ ਦੇ ਆਧਾਰ 'ਤੇ ਰਿਜਰਵੇਸ਼ਨ ਨਹੀਂ ਹੋਣ ਦੇਵਾਂਗੇ। ਸੰਵਿਧਾਨ ਵੀ ਇਨ੍ਹਾਂ ਲੋਕਾਂ ਦੇ ਨਿਸਾਨੇ 'ਤੇ ਹੈ ਪਰ ਮੋਦੀ ਇਨ੍ਹਾਂ ਦੇ ਸਾਹਮਣੇ ਖੜ੍ਹਾ ਹੈ। ਸਮਾਜਵਾਦੀ ਪਾਰਟੀ (ਸਪਾ) ਨੇ 2012 ਅਤੇ 2014 'ਚ ਆਪਣੇ ਚੋਣ ਮੈਨੀਫੈਸਟੋ 'ਚ ਰਸਮੀ ਤੌਰ 'ਤੇ ਐਲਾਨ ਕੀਤਾ ਸੀ ਕਿ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ੍ਰੇਣੀਆਂ ਦੀ ਤਰ੍ਹਾਂ ਮੁਸਲਮਾਨਾਂ ਨੂੰ ਵੀ ਰਿਜਰਵੇਸ਼ਨ ਦਿੱਤਾ ਜਾਵੇਗਾ। ਪੁਲਸ ਅਤੇ 'ਚ 15 ਫੀਸਦੀ ਰਿਜਰਵੇਸ਼ਨ ਦਿੱਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇੰਡੀਆ ਗਠਜੋੜ 5 ਸਾਲਾਂ ਵਿਚ 5 ਪ੍ਰਧਾਨ ਮੰਤਰੀ ਹੋਣ ਦੀ

ਸਰਤ 'ਤੇ ਚੋਣ ਲੜ ਰਿਹਾ ਹੈ, ਉਹ ਦੇਸ ਲਈ ਨਹੀਂ, ਸਿਰਫ ਆਪਣੀ ਕੁਰਸੀ ਬਚਾਉਣ ਦੀ ਚਿੰਤਾ ਕਰਨਗੇ, ਜਦਕਿ ਦੇਸ ਨੂੰ ਇਕ ਮਜਬੂਤ ਪ੍ਰਧਾਨ ਮੰਤਰੀ ਦੀ ਲੋੜ ਹੈ। ਤੁਸੀਂ ਲੋਕ ਘਰ ਬਣਾਉਣ ਲਈ ਵੀ ਵਾਰ-ਵਾਰ ਮਿਸਤਰੀ ਨਹੀਂ ਬਦਲਦੇ, ਇਹ ਇਕ ਮਜਬੂਤ ਦੇਸ ਦੀ ਗੱਲ ਹੈ। ਇਸ ਵਾਰ ਦੇਸ ਨੇ ਮੁੜ ਮੋਦੀ ਸਰਕਾਰ ਬਣਾਉਣ ਦਾ ਮਨ ਬਣਾ ਲਿਆ ਹੈ ਅਤੇ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਨੂੰ ਵੋਟ ਪਾ ਕੇ ਆਪਣੀ ਵੋਟ ਬਰਬਾਦ ਨਾ ਕਰੋ। ਜਿਵੇਂ ਕੋਈ ਡੁੱਬਦੀ ਕੰਪਨੀ ਦੇ ਸੇਅਰ ਨਹੀਂ ਖਰੀਦਦਾ, ਉਸੇ ਤਰ੍ਹਾਂ ਡੁੱਬਦੀ ਹੋਈ ਵਿਰੋਧੀ ਧਿਰ ਨੂੰ ਵੋਟ ਪਾ ਕੇ ਬਰਬਾਦ ਨਾ ਕਰੋ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕਾਂਗਰਸ ਅਤੇ ਸਪਾ ਬੇਹੱਦ ਸੰਪਰਦਾਇਕ, ਬੇਹੱਦ ਜਾਤੀਵਾਦੀ ਅਤੇ ਬੇਹੱਦ ਪਰਿਵਾਰਵਾਦੀ ਆਧਾਰਿਤ ਹਨ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ ਵਿਚ ਸਪਾ ਦੇ ਸਾਸਨ ਦੌਰਾਨ ਲੋਕ ਮਾਫੀਆ ਤੋਂ ਕੰਬਦੇ ਸਨ, ਹੁਣ ਮਾਫੀਆ ਕੰਬ ਰਹੇ ਹਨ। ਮਾਫੀਆ ਨੂੰ ਕਾਨੂੰਨ ਦਾ ਕੋਈ ਡਰ ਨਹੀਂ ਸੀ, ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦੀ ਜਮੀਨ ਅਤੇ ਪੈਸਾ ਕਦੋਂ ਖੋਹਿਆ ਜਾਵੇਗਾ। ਹੁਣ ਉਨ੍ਹਾਂ ਦੀ ਮਾਫੀਆ ਗਿਰੀ ਖਤਮ ਹੋ ਗਈ ਹੈ।

4 ਜੂਨ ਦੇ ਬਾਅਦ ਅਕਾਲੀ ਦਲ ਦੀ ਪੰਜਾਬ ਤੋਂ ਛੁੱਟੀ ਪੱਕੀ : ਮੁੱਖ ਮੰਤਰੀ ਭਗਵੰਤ ਮਾਨ

ਨਵਦੀਪ ਸਿੰਘ ਸਾਹਨੀ

ਬਟਾਲਾ 27 ਮਈ। 4 ਜੂਨ ਦੇ ਬਾਅਦ ਅਕਾਲੀ ਦਲ ਦੀ ਪੰਜਾਬ ਤੋਂ ਪੱਕੀ ਛੁੱਟੀ ਹੋ ਜਾਵੇਗੀ, ਕਿਉਂ

12 ਸਾਲਾ ਪੁਰਾਣਾ ਰਿਕਾਰਡ ਟੁੱਟਿਆ, ਚੰਡੀਗੜ੍ਹ ’ਚ ਪਾਰਾ 44 ਡਿਗਰੀ ਪਾਰ, ਮੌਸਮ ਵਿਭਾਗ ਨੇ ਕਰ ‘ਤਾ ਸੁਚੇਤ

ਚੰਡੀਗੜ੍ਹ 27 ਮਈ। ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਵਧਦੇ ਤਾਪਮਾਨ ਦੇ ਨਾਲ ਹੀ ਸ਼ੁੱਕਰਵਾਰ ਨੂੰ ਗਰਮੀ ਨੇ 12 ਸਾਲ ਪੁਰਾਣਾ ਰਿਕਾਰਡ ਤੋੜ ਦਿੱਤਾ। ਸ਼ੁੱਕਰਵਾਰ ਨੂੰ ਪਾਰਾ 44 ਡਿਗਰੀ ਨੂੰ ਪਾਰ ਕਰਦਿਆਂ 44.5 ਡਿਗਰੀ ਤੱਕ ਪਹੁੰਚ ਗਿਆ। ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 6 ਡਿਗਰੀ ਜਾਣ ਤੋਂ ਬਾਅਦ ਦੁਪਹਿਰ 11 ਵਜੇ ਤੋਂ ਮਗਰੋਂ ਉੱਤਰੀ ਭਾਰਤ ਦੇ ਕਈ ਸ਼ਹਿਰਾਂ ਦੀ ਤਰ੍ਹਾਂ ਹੀ ਚੰਡੀਗੜ੍ਹ ’ਚ ਅੱਤ ਦੀ ਗਰਮੀ ਨਾਲ ਲੂ ਚੱਲਦੀ ਰਹੀ। 2013 ਤੋਂ ਬਾਅਦ ਮਈ ਮਹੀਨੇ ਚੰਡੀਗੜ੍ਹ ’ਚ ਵੱਧ ਤੋਂ ਵੱਧ ਤਾਪਮਾਨ 44.6 ਡਿਗਰੀ ਦਰਜ ਹੋਇਆ। 2011 ’ਚ ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦਾ ਦਫਤਰ ਬਣਨ ਤੋਂ ਬਾਅਦ ਪਹਿਲੀ ਵਾਰ ਪਾਰਾ 44 ਡਿਗਰੀ ਦਰਜ ਹੋਇਆ ਹੈ। ਇਸ ਤੋਂ ਪਹਿਲਾਂ ਹਵਾਈ ਅੱਡੇ ’ਤੇ 2013 ’ਚ ਸਭ ਤੋਂ ਜ਼ਿਆਦਾ ਪਾਰਾ 44.6 ਡਿਗਰੀ ਦਰਜ ਹੋਇਆ ਸੀ। ਚੰਡੀਗੜ੍ਹ ਮੌਸਮ ਕੇਂਦਰ ਦੇ ਡਾਇਰੈਕਟਰ ਏ. ਕੇ. ਸਿੰਘ ਦਾ ਕਹਿਣਾ ਹੈ ਕਿ ਮੌਸਮ ਵਿਭਾਗ ਨੇ ਸੰਭਾਵਨਾ ਪ੍ਰਗਟਾਈ ਸੀ ਕਿ ਤਾਪਮਾਨ 43 ਡਿਗਰੀ ਤੱਕ ਜਾਵੇਗਾ ਪਰ ਤਾਪਮਾਨ ’ਚ ਮੌਜਦਾ ਵਾਧਾ ਸੱਚਮੁੱਚ ਹੈਰਾਨੀਜਨਕ ਹੈ। ਤਾਪਮਾਨ 44 ਡਿਗਰੀ ਨੂੰ ਪਾਰ ਕਰ ਗਿਆ ਹੈ। ਅਗਲੇ 7 ਦਿਨਾਂ ’ਚ ਕਿਸੇ ਕਿਸਮ ਦਾ ਕੋਈ ਬਦਲਾਅ ਨਜਰ ਨਹੀਂ ਆ ਰਿਹਾ ।ਪੱਛਮੀ ਗੜਬੜੀ ਸਰਗਰਮ ਨਹੀਂ ਹੈ। ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਲਈ 27 ਮਈ ਤੱਕ ਓਰੇਂਜ ਅਲਰਟ

ਵੱਲੋਂ ਕਈ ਦਿਨਾਂ ਤੋਂ ਐਡਵਾਈਜ਼ਰੀ ਦਿੱਤੀ ਜਾ ਦਿੱਤਾ ਹੈ। ਹਰਿਆਣਾ ਦੇ ਸਿਰਸਾ ’ਚ ਤਾਪਮਾਨ 47.1 ਡਿਗਰੀ ਤੇ ਪੰਜਾਬ ਦੇ ਸਮਰਾਲਾ ’ਚ 46.3 ਡਿਗਰੀ ਦਰਜ ਕੀਤਾ ਗਿਆ। ਹੀਟ ਵੇਵ (ਲੂ) ਵੀ ਕੁਝ ਦਿਨਾਂ ਤੱਕ ਲਗਾਤਾਰ ਜਾਰੀ ਰਹੇਗੀ। ਡਾਇਰੈਕਟਰ ਏ. ਕੇ. ਸਿੰਘ ਨੇ ਦੱਸਿਆ ਕਿ ਵਿਭਾਗ ਰਹੀ ਹੈ ਕਿ ਲੂ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲੇਗੀ ਤੇ ਬਾਹਰ ਜਾਣ ਤੋਂ ਗੁਰੇਜ ਕੀਤਾ ਜਾਵੇ। ਗਰਮੀ ਤੇ ਲੂ ਨੂੰ ਦੇਖਦਿਆਂ ਮੌਸਮ ਵਿਭਾਗ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਸਕੱਤਰ ਅਤੇ ਚੰਡੀਗੜ੍ਹ ਪ੍ਰਸਾਸਨ ਨੂੰ ਵੀ ਸੁਚੇਤ ਕੀਤਾ ਹੈ ਕਿ ਅਗਲੇ ਕੁਝ ਦਿਨਾਂ ਤੱਕ ਇਹੀ ਹਾਲਾਤ ਬਣੇ ਰਹਿਣਗੇ। ਇਸ ਲਈ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਅਗਲੇ ਕੁਝ ਦਿਨਾਂ “ਚ ਦੁਪਹਿਰ ਸਮੇਂ ਗਰਮੀ ਹੋਰ ਵਧਣ ਵਾਲੀ ਹੈ। ਤੇਜ ਲੂ ਚੱਲਣ ਦੀ ਸੰਭਾਵਨਾ ਹੈ ਪਰ ਰਾਤ ਦਾ ਤਾਪਮਾਨ ਜ਼ਿਆਦਾ ਨਹੀਂ ਵਧੇਗਾ। ਅਜਿਹਾ ਇਸ ਲਈ ਹੈ ਕਿਉਂਕਿ ਪਹਾੜਾਂ ’ਚ ਤਾਪਮਾਨ ਹਾਲੇ ਵੀ ਜ਼ਿਆਦਾ ਨਹੀਂ ਹੈ। ਸਾਮ ਤੋਂ ਬਾਅਦ ਪਹਾੜਾਂ ਤੋਂ ਆਉਣ ਵਾਲੀਆਂ ਹਵਾਵਾਂ ਚੰਡੀਗੜ੍ਹ ’ਚ ਵੀ ਰਾਤ ਦਾ ਤਾਪਮਾਨ ਵਧਣ ਨਹੀਂ ਦੇਣਗੀਆਂ। ਚੰਡੀਗੜ੍ਹ ਦਾ ਤਾਪਮਾਨ ਵਧਣ ਦੀ ਸੰਭਾਵਨਾ ਨਹੀਂ ਹੈ ਕਿਉਂਕਿ ਚੰਡੀਗੜ੍ਹ ਪਹਾੜਾ ਨੇੜੇ ਹੋਣ ਕਾਰਨ ਰਾਹਤ ਮਿਲੇਗੀ। ਅਗਲੇ ਕੁਝ ਦਿਨਾਂ ਤੱਕ ਗਰਮੀ ਤੇ ਲੂ ਤੋਂ ਰਾਹਤ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। 27 ਮਈ ਤੱਕ ਦਿਨ ਦਾ ਤਾਪਮਾਨ 43 ਡਿਗਰੀ ਤੋਂ ਹੇਠਾਂ ਡਿੱਗਣ ਦੀ ਸੰਭਾਵਨਾ ਨਹੀਂ ਹੈ। ਹਵਾਵਾਂ ਪੂਰੀ ਤਰ੍ਹਾਂ ਖੁਸਕ ਹਨ ਤੇ ਪੱਛਮੀ ਹਵਾਵਾਂ ’ਚ ਨਮੀ ਬਹੁਤ ਘੱਟ ਹੈ, ਇਸ ਲਈ ਤਾਪਮਾਨ ’ਚ ਵਾਧੇ ਨਾਲ ਲੂ ਚੱਲਦੀ ਰਹੇਗੀ। ਲੂ ਲੱਗਣ ਦੇ ਕਈ ਲੱਛਣ ਹਨ ਪਰ ਲੱਛਣਾਂ ਨੂੰ ਪਛਾਣੋ। ਲੂ ਲੱਗਣ ’ਤੇ ਚਮੜੀ ਲਾਲ ਜਾਂ ਖੁਸਕ ਹو ਜਾਂਦੀ ਹੈ, ਨਾਲ ਹੀ ਗੰਭੀਰ ਸਿਰ ਦਰਦ ਅਤੇ ਸਾਹ ਲੈਣ ਵਿਚ ਮੁਸਕਲ ਹੁੰਦੀ ਹੈ। ਨਾਲ ਹੀ ਮਾਸਪੇਸੀਆਂ ’ਚ ਕਮਜੋਰੀ ਅਤੇ ਉਲਟੀਆਂ ਲੂ ਲੱਗਣ ਦੇ ਆਮ ਲੱਛਣ ਹਨ।

ਲੋਕ ਸਭਾ ਚੋਣਾਂ ਦੇ ਮੱਦੇਨਜਰ ਨਾਕਿਆਂ ‘ਤੇ ਤਾਇਨਾਤ ਪੁਲਸ ਮੁਲਾਜਮਾਂ ਲਈ ਅਹਿਮ ਹੁਕਮ ਜਾਰੀ

ਚੰਡੀਗੜ੍ਹ, 27 ਮਈ। ਗਰਮੀ ਦੇ ਮੌਸਮ ’ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸ਼ਹਿਰ ਦੇ ਐਂਟਰੀ ਪੁਆਇੰਟਾਂ ’ਤੇ ਤਾਇਨਾਤ ਪੁਲਸ ਮੁਲਾਜ਼ਮਾਂ ਨੂੰ ਹੁਣ ਜੂਸ, ਲੱਸੀ, ਪਾਣੀ ਤੇ ਹੋਰ ਤਰਲ ਪਦਾਰਥ ਦਿਨ ਵਿਚ ਤਿੰਨ ਵਾਰ ਮੁਹੱਈਆ ਕਰਵਾਏ ਜਾਣਗੇ। ਐੱਸ. ਐੱਸ. ਪੀ. ਕੰਵਰਦੀਪ ਕੌਰ ਨੇ ਗਰਮੀ ਦੇ ਮੱਦੇਨਜ਼ਰ ਆਪਣੇ ਪੁਲਸ ਮੁਲਾਜ਼ਮਾਂ ਲਈ ਇਹ ਹੁਕਮ ਜਾਰੀ ਕੀਤੇ ਹਨ। ਪੁਲਸ ਵਿਭਾਗ ਵੱਲੋਂ ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ ’ਤੇ ਚੈਕਿੰਗ ਲਈ 38 ਨਾਕੇ ਲਾਏ ਗਏ ਹਨ। ਪੁਲਸ ਤੇ ਰਿਜ਼ਰਵ ਫੋਰਸ ਦੇ ਜਵਾਨ ਇਨ੍ਹਾਂ ਨਾਕਿਆਂ ’ਤੇ ਦਿਨ-ਰਾਤ ਤਾਇਨਾਤ ਰਹਿੰਦੇ ਹਨ। ਪੁਲਸ ਮੁਲਾਜ਼ਮ ਨਾਕੇ ਨੂੰ ਛੱਡ ਕੇ ਹੋਰ ਕਿਤੇ ਨਹੀਂ ਜਾ ਸਕਦੇ। ਇਸੇ ਲਈ ਐੱਸ. ਐੱਸ. ਪੀ ਨੇ ਪੁਲਸ ਮੁਲਾਜ਼ਮਾ ਨੂੰ ਗਰਮੀ ’ਚ ਲੱਸੀ, ਜੂਸ ਅਤੇ ਪਾਣੀ ਦੇ ਇੰਤਜ਼ਾਮ ਕਰਨ ਦੀ ਜ਼ਿਮੇਵਾਰੀ ਲਈ ਆਈ. ਟੀ. ਪਾਰਕ, ਮਨੀਮਾਜਰਾ, ਸਾਰੰਗਪੁਰ, ਮਲੋਆ, ਮੌਲੀਜਾਗਰਾਂ, ਸੈਕਟਰ 31, ਸੈਕਟਰ 36, ਸੈਕਟਰ 39 ਤੇ ਸੈਕਟਰ 49 ਦੇ ਥਾਣਾ ਇੰਚਾਰਜਾਂ ਨੂੰ ਹੁਕਮ ਜਾਰੀ ਕੀਤੇ ਹਨ। ਇਸ ਦੇ ਨਾਲ ਹੀ ਐੱਸ. ਐੱਸ. ਪੀ. ਨੇ ਲੱਸੀ, ਜੂਸ ਤੇ ਪਾਣੀ ਦੇ ਬਿੱਲ ਹਰ ਰੋਜ਼ ਚੋਣ ਸੈੱਲ ’ਚ ਜਮ੍ਹਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਹਨ।

ਦੀਨਾਨਗਰ ਪੁਲਸ ਵੱਲੋਂ ਸੁਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫ਼ਤਾਰ

ਦੀਨਾਨਗਰ 27 ਮਈ। ਦੀਨਾਨਗਰ ਪੁਲਸ ਵੱਲੋਂ ਸੁਗਰ ਮਿੱਲ ਪਨਿਆੜ ਨਾਕੇ ਦੌਰਾਨ 2 ਨੌਜਵਾਨਾਂ ਨੂੰ ਚਰਸ ਸਮੇਤ ਕੀਤਾ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ. ਐੱਸ. ਪੀ. ਦੀਨਾਨਗਰ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਬਲਕਾਰ ਸਿੰਘ ਨੇ ਪੁਲਸ ਪਾਰਟੀ ਵਹੀਕਲਾ ਦੀ ਚੈਕਿੰਗ ਦੇ

ਸਬੰਧ ਵਿੱਚ ਸ਼ੁਗਰ ਮਿੱਲ ਪਨਿਆੜ ਦੇ ਸਾਹਮਣੇ ਨੈਸ਼ਨਲ ਹਾਈਵੇ ‘ਤੇ ਪਠਾਨਕੋਟ ਸਾਇਡ ਵਲੋਂ ਆਉਂਦੇ ਵਹੀਕਲਾਂ ਦੀ ਚੈਕਿੰਗ ਕਰਨ ਲਈ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਪਠਾਨਕੋਟ ਸਾਇਡ ਤੋਂ ਇੱਕ ਕਾਰ ਮਾਰਕਾ ਗਰੈਂਡ ਆਈ 10 ਆਈ ਜਿਸ ਕਾਰ ਦੀ ਤਲਾਸੀ ਕੀਤੀ ਗਈ। ਤਲਾਸ਼ੀ ਦੌਰਾਨ ਕਾਰ ਦੇ ਡੈਸ਼ ਬੋਰਡ ‘ਚੋਂ 290 ਗ੍ਰਾਮ ਚਰਸ ਬਰਾਮਦ ਹੋਈ ਹੈ। ਕਾਰ ਵਿਚ ਸਵਾਰ ਨੌਜਵਾਨਾਂ ਦੀ ਪੁਲਸ ਮੁਤਾਬਕ ਪਛਾਣ ਪ੍ਰਦੀਪ ਸ਼ਰਮਾ ਉਰਫ ਮਨੀ ਪੁੱਤਰ ਸੁਰੇਸ਼ ਕੁਮਾਰ ਵਾਸੀ ਅਰਾਈਆ ਗਲੀ ਗੀਤਾ ਭਵਨ ਰੋਡ ਗੁਰਦਾਸਪੁਰ, ਅਹਿਤ ਕੁਮਾਰ ਉਰਫ ਹੈਪੀ ਪੁੱਤਰ ਸੁਭਾਸ ਕੁਮਾਰ ਵਾਸੀ ਡੂਮਨਾ ਗਲੀ ਬਾਟਾ ਚੌਕ ਗੁਰਦਾਸਪੁਰ ਵਜੋਂ ਦੱਸੀ ਗਈ ਹੈ। ਪੁਲਸ ਨੇ ਦੋਵਾਂ ਨੂੰ ਮੌਕੇ ‘ਤੇ ਗ੍ਰਿਫ਼ਤਾਰ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ।

ਨਾੜ ਨੂੰ ਲਗਾਈ ਅੱਗ ਨਾਲ ਵੱਡੀ ਗਿਣਤੀ ’ਚ ਦਰੱਖਤ ਝੁਲਸੇ

ਚੋਗਾਵਾਂ 27 ਮਈ। ਕਿਸਾਨਾਂ ਵੱਲੋਂ ਕਣਕ ਦੀ ਰਹਿੰਦ-ਖੂੰਹਦ ਨੂੰ ਖ਼ਤਮ ਕਰਨ ਲਈ ਲਗਾਈ ਗਈ ਅੱਗ ਨਾਲ ਸੜਕਾਂ ਦੇ ਆਲੇ-ਦੁਆਲੇ ਅਤੇ ਖੇਤਾਂ ਵਿਚ ਖੜ੍ਹੇ ਰੁਖ ਬੁਰੀ ਤਰ੍ਹਾਂ ਨਲ ਝੁਲਸ ਗਏ ਹਨ। ਕਈ ਰੁੱਖ ਤਾਂ ਇੰਨੇ ਜ਼ਿਆਦਾ ਸੜ ਚੁੱਕੇ ਹਨ ਕਿ ਉਹ ਦੁਬਾਰਾ ਹਰੇ ਹੋਣ ਦੀ ਹਾਲਤ ਵਿਚ ਵੀ ਨਹੀਂ ਰਹੇ। ਇਸ ਦਾ ਜਿੱਥੇ ਵਾਤਾਵਰਣ ’ਤੇ ਬਹੁਤ ਬੁਰਾ ਅਸਰ ਹੈ ਰਿਹਾ ਹੈ, ਉੱਥੇ ਵਾਤਾਵਰਣ ਪ੍ਰੇਮੀ ਵੀ ਡਾਢੇ ਪ੍ਰੇਸ਼ਾਨ ਹਨ। ਇਸ ਸਬੰਧੀ ਵਾਤਾਵਰਣ ਪ੍ਰੇਮੀ ਕਰਨਰਾਜ ਸਿੰਘ, ਫਤਿਹ ਸਿੰਘ ਨੇ ਕਿਹਾ ਕਿ ਨਾੜ ਨੂੰ ਅੱਗ ਨਾਲ ਜਿੱਥੇ ਦਰੱਖਤਾਂ ਦਾ ਨੁਕਸਾਨ ਹੰਦਾ ਹੈ, ਉੱਥੇ ਸੜਕ ’ਤੇ ਆਉਣ ਜਾਣ ਵਾਲੇ ਰਾਹਗੀਰ ਵੀ ਦੁਰਘਟਨਾ ਦਾ ਸ਼ਿਕਾਰ ਹੁੰਦੇ ਹਨ ਅਤੇ ਜ਼ਮੀਨ ਉਪਜਾਊ ਸ਼ਕਤੀ ਵੀ ਘਟਦੀ ਹੈ ਅੱਜ ਕੱਲ ਪੈ ਰਹੀ ਅੰਤਾਂ ਦੀ ਗਰਮੀ ਵੀ ਇਸੇ ਦੀ ਦੇਣ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਉਹ ਕਣਕ ਦੇ ਰਹਿੰਦ ਖੂੰਹਦ ਨੰ ਅੱਗ ਲਗਾਉਣ ਤੋਂ ਬਿਨਾਂ ਨਹੀਂ ਰਹਿ ਸਕਦੇ ਤਾਂ ਘੱਟ ਤੋਂ ਘੱਟ ਸੜਕਾਂ ਅਤੇ ਦਰੱਖਤਾਂ ਦੇ ਨੇੜੇ ਜ਼ਮੀਨ ਨੂੰ ਵਾਹ ਦਿੱਤਾ ਜਾਵੇ

ਕੋਰਟ ਕੰਪਲੈਕਸ ਦੀ ਪਾਰਕਿੰਗ ’ਚੋਂ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਭੱਜਿਆ ਚੋਰ

ਜਲੰਧਰ 27 ਮਈ। ਕੋਰਟ ਕੰਪਲੈਕਸ ਦੀ ਪਾਰਕਿੰਗ ਵਿਚੋਂ ਇਕ ਚੋਰ ਪੁਲਸ ਕਰਮਚਾਰੀ ਨੂੰ ਧੱਕਾ ਦੇ ਕੇ ਹੱਥਕੜੀ ਸਮੇਤ ਫਰਾਰ ਹੋ ਗਿਆ। ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਚੋਰ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਚੌਂਕੀ ਫੋਕਲ ਪੁਆਇੰਟ ਦੇ ਏ. ਐੱਸ. ਆਈ. ਰਾਜਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਚੋਰੀ ਦੀ ਬਾਈਕ ਨਾਲ ਨਵਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਨਿਵਾਸੀ ਕਰਤਾਰਪੁਰ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁਲਜਮ ਪੇਸ਼ੇਵਰ ਚੋਰ ਸੀ, ਜਿਸ ਖ਼ਿਲਾਫ

ਪਹਿਲਾਂ ਵੀ ਕੇਸ ਦਰਜ ਸੀ। ਮੁਲਜਮ ਨੂੰ ਲੈ ਕੇ ਉਹ ਸਿਪਾਹੀ ਬਿਕਰਮਜੀਤ ਸਿੰਘ ਨਾਲ ਉਸ ਨੂੰ ਕੋਰਟ ਵਿਚ ਪੇਸ਼ ਕਰਨ ਲਈ ਆਪਣੇ ਨਿੱਜੀ ਵਾਹਨ ’ਤੇ ਗਿਆ ਸੀ। ਕੋਰਟ ਵਿਚ ਪੇਸ਼ ਕਰਕੇ ਉਹ ਮੁਲਜਮ ਨੂੰ ਲੈ ਕੇ ਬਾਹਰ ਪਾਰਕਿੰਗ ਵਿਚ ਆ ਗਏ ਅਤੇ ਜਿਵੇਂ ਹੀ ਆਪਣੀ ਬਾਈਕ ਵੱਲ ਜਾਣ ਲੱਗੇ ਤਾਂ ਨਵਪ੍ਰੀਤ ਸਿੰਘ ਸਿਪਾਹੀ ਬਿਕਰਮਜੀਤ ਸਿੰਘ ਨੂੰ ਧੱਕਾ ਦੇ ਕੇ ਫਰਾਰ ਹੋ ਗਿਆ ਅਤੇ ਹੱਥਕੜੀ ਵੀ ਆਪਣੇ ਨਾਲ ਲੈ ਗਿਆ। ਪੁਲਸ ਨੇ ਮੁਲਜਮ ਦਾ ਪਿੱਛਾ ਵੀ ਕੀਤਾ ਪਰ ਉਸਦਾ ਕੋਈ ਸੁਰਾਗ ਨਹੀਂ ਲੱਗਾ ਅਤੇ ਉਹ ਗਾਇਬ ਹੋ ਗਿਆ। ਓਧਰ ਏ. ਐੱਸ. ਆਈ. ਰਾਜਪਾਲ ਸਿੰਘ ਨੇ ਕਿਹਾ ਕਿ ਮੁਲਜਮ ਨਵਪ੍ਰੀਤ ਸਿੰਘ ਦੀ ਭਾਲ ਵਿਚ ਉਨ੍ਹਾਂ 2 ਥਾਵਾਂ ’ਤੇ ਰੇਡ ਕੀਤੀ ਪਰ ਉਸ ਦਾ ਕੋਈ ਸੁਰਾਗ ਨਹੀਂ ਲੱਗਾ। ਉਨ੍ਹਾਂ ਕਿਹਾ ਕਿ ਜਲਦ ਮੁਲਜਮ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਵਸੀਕਾ ਨਵੀਸ ਤੇ ਉਸ ਦਾ ਸਹਾਇਕ 2,25,000 ਰੁਪਏ ਦੀ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ

ਚੰਡੀਗੜ੍ਹ 27 ਮਈ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ’ਚ ਭ੍ਰਿਸਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਸਬ ਡਵੀਜਨ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਕੰਮ ਕਰਦੇ ਕੰਵਰਪਾਲ ਸਿੰਘ (ਕੇ.ਪੀ.) ਵਸੀਕਾ ਨਵੀਸ (ਡੀਡ ਰਾਈਟਰ) ਅਤੇ ਉਸਦੇ ਸਹਾਇਕ ਨੂੰ 225000 ਰੁਪਏ ਰਿਸਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਵਸੀਕਾ ਨਵੀਸ ਅਤੇ ਉਸ ਦੇ ਨਿੱਜੀ ਸਹਾਇਕ ਨੂੰ ਕੁਲਵੰਤ ਸਿੰਘ ਵਾਸੀ ਪਿੰਡ ਸੇਰਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਦਾਸਪੁਰ (ਮੌਜੂਦਾ ਸਮੇਂ ਬਰਤਾਨੀਆ ਨਿਵਾਸੀ) ਵੱਲੋਂ ਮੁੱਖ ਮੰਤਰੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਪੋਰਟਲ ’ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ’ਚ ਦੋਸ ਲਾਇਆ ਹੈ ਕਿ ਉਕਤ ਵਸੀਕਾ ਨਵੀਸ ਨੇ ਉਸਦੀ ਜੱਦੀ ਜਮੀਨ ਦੀ

ਮਲਕੀਅਤ (ਇੰਤਕਾਲ) ਉਸਦੇ ਨਾਂ ਕਰਵਾਉਣ ਬਦਲੇ ਉਸ ਕੋਲੋਂ 225000 ਰੁਪਏ ਦੀ ਰਿਸਵਤ ਲਈ ਸੀ। ਇਸ ਤੋਂ ਇਲਾਵਾ ਉਸ ਦੇ ਦਫਤਰ ’ਚ ਕੰਮ ਕਰਦੇ ਟਾਈਪਿਸਟ ਸੰਨੀ ਨੇ ਵੀ ਉਕਤ ਇੰਤਕਾਲ ਦਰਜ ਕਰਵਾਉਣ ਲਈ ਉਸ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਜਾਂਚ ਦੌਰਾਨ ਇਹ ਪਾਇਆ ਗਿਆ ਕਿ ਉਕਤ ਵਸੀਕਾ ਨਵੀਸ ਨੇ ਉਕਤ ਸ਼ਿਕਾਇਤਕਰਤਾ ਤੋਂ ਤਿੰਨ ਕਿਸਤਾਂ ’ਚ 225000 ਰੁਪਏ ਦੀ ਰਿਸਵਤ ਲਈ ਹੈ। ਇਸ ਤੋਂ ਇਲਾਵਾ ਉਸ ਦੇ ਨਿੱਜੀ ਸਹਾਇਕ ਸੰਨੀ ਨੇ ਸ਼ਿਕਾਇਤਕਰਤਾ ਤੋਂ 70,000 ਰੁਪਏ ਦੀ ਮੰਗ ਕੀਤੀ ਸੀ। ਜਾਂਚ ਤੋਂ ਬਾਅਦ ਦੋਵਾਂ ਮੁਲਜਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇਸ ਮੁਕੱਦਮੇ ’ਚ ਸਬੰਧਤ ਹਲਕਾ ਪਟਵਾਰੀ ਅਤੇ ਨਾਇਬ ਤਹਿਸੀਲਦਾਰ ਦੀ ਭੂਮਿਕਾ ਦੀ ਜਾਂਚ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਰਾਮਲੱਲਾ ਦੇ ਦਰਸ਼ਨਾਂ ਲਈ ਗਏ ਬੱਚੇ ਹੋਏ ਲਾਪਤਾ, ਨਦੀ ਕੰਢਿਓਂ ਮਿਲੇ ਕੱਪੜੇ ਦੇਖ ਮਾਂ ਦਾ ਰੋ-ਰੋ ਹੋਇਆ ਬੁਰਾ ਹਾਲ

ਪਟਿਆਲਾ 27 ਮਈ। ਪਟਿਆਲਾ ਦੀ ਤੇਜਬਾਗ ਕਾਲੋਨੀ ਤੋਂ ਇਕ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਦੇ ਰਹਿਣ ਵਾਲੇ 2 ਬੱਚੇ ਭੇਤਭਰੀ ਹਾਲਤ ‘ਚ ਲਾਪਤਾ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਬੱਚੇ ਸੰਗਤਾਂ ਨਾਲ ਇਕ ਬੱਸ ‘ਚ ਸਵਾਰ ਹੋ ਕੇ ਸ਼੍ਰੀ ਰਾਮ ਲੱਲਾ ਦੇ ਦਰਸ਼ਨਾਂ ਲਈ ਅਯੁੱਧਿਆ ਗਏ ਹੋਏ ਸਨ, ਜਿਸ ਤੋਂ ਬਾਅਦ ਉਹ ਅਚਾਨਕ ਲਾਪਤਾ ਹੋ ਗਏ ਹਨ। ਗੁੰਮਸ਼ੁਦਾ ਬੱਚੇ ਤੇਜਬਾਗ ਕਾਲੋਨੀ ਦੇ ਰਹਿਣ ਵਾਲੇ ਕਾਰਤਿਕ ਅਤੇ ਪ੍ਰਿੰਸ ਹਨ, ਜਿਨ੍ਹਾਂ ਦੇ ਲਾਪਤਾ ਹੋਣ ’ਤੇ ਪਰਿਵਾਰ ਵਾਲਿਆਂ ਦਾ ਰੋ-ਰੋ ਦੇ ਬੁਰਾ ਹਾਲ ਹੋ ਗਿਆ

ਸਿਕਲੀਗਰ ਸਿੱਖਾਂ ਦੀ ਕੁੱਟਮਾਰ ਤੇ ਕਤਲ ਦਾ ਮਾਮਲਾ: ਅਕਾਲੀ ਦਲ ਨੇ ਪੀੜਤ ਪਰਿਵਾਰ ਦੀ ਕੀਤੀ ਵਿੱਤੀ ਮਦਦ

ਚੰਡੀਗੜ੍ਹ 27 ਮਈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਮਹਾਰਾਸਟਰ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਸੂਬੇ 'ਚ ਲੋਕਾਂ ਵਿੱਚ ਵਧੇਰੇ ਆਪਸੀ ਸਮਝ ਪੈਦਾ ਕਰਨ ਤੇ ਫਿਰਕੂ ਸਦਭਾਵਨਾ ਕਾਇਮ ਕਰਨ ਵਾਸਤੇ ਜਾਗਰੂਕਤਾ ਲਿਆਉਣ ਲਈ ਵਿਸੇਸ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਦੇਸ ਭਰ ਵਿੱਚ ਮਹਾਨ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਕੌਮ ਦੀ ਭੂਮਿਕਾ ਬਾਰੇ ਜਾਗਰੂਕਤਾ ਲਹਿਰ ਆਰੰਭੀ ਜਾਵੇ। ਉਨ੍ਹਾਂ ਕਿਹਾ ਕਿ ਮਹਾਰਾਸਟਰ 'ਚ 3 ਸਿਕਰਗਲੀਗਰ ਸਿੱਖਾਂ ਨਾਲ ਕੁੱਟਮਾਰ ਤੇ ਕਤਲ ਦੇ ਮੱਦੇਨਜਰ ਅਜਿਹਾ ਕਰਨਾ ਲਾਜਮੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਹੈ ਕਿਉਂਕਿ ਇਕ ਸੂਬਾ ਜੋ ਤਖਤ ਸ੍ਰੀ ਹਜੂਰ ਸਾਹਿਬ ਨਾਂਦੇੜ ਸਾਹਿਬ ਕਾਰਨ ਦੁਨੀਆ ਭਰ ਵਿੱਚ ਪ੍ਰਸਿੱਧ ਹੈ ਅਤੇ ਜੋ ਦਸਮ ਪਾਤਸਾਹ ਸ੍ਰੀਗੁਰੂ ਗੋਬਿੰਦ ਸਿੰਘ ਜੀ ਨਾਲ ਇਤਿਹਾਸਕ ਤੌਰ 'ਤੇ ਜੁੜੇ ਹੋਣ ਕਾਰਨ ਪ੍ਰਸਿੱਧ ਹੈ, 'ਚ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਬਾਦਲ ਨੇ ਮੁੱਖ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਪੀੜਤਾਂ ਦੇ ਪਰਿਵਾਰਾਂ 'ਚੋਂ ਇਕ-ਇਕ ਯੋਗ ਵਿਅਕਤੀ ਨੂੰ ਸਰਕਾਰੀ ਨੌਕਰੀ ਅਤੇ ਐਕਸਗ੍ਰੇਸੀਆ ਗ੍ਰਾਂਟ ਪ੍ਰਦਾਨ ਕਰਨ। ਬਾਦਲ ਨੇ ਗੁਰਿੰਦਰ ਸਿੰਘ ਬਾਜਵਾ ਦੀ ਡਿਊਟੀ ਲਗਾਈ ਕਿ ਉਹ ਪ੍ਰਭਾਵਿਤ ਪਰਿਵਾਰਾਂ ਨੂੰ ਨਿੱਜੀ ਤੌਰ 'ਤੇ ਜਾ ਕੇ ਮਿਲਣ ਅਤੇ ਪੀੜਤ ਕ੍ਰਿਪਾਲ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਅਤੇ ਜਖਮੀ ਅਰੁਣ ਸਿੰਘ ਤਾਕ ਤੇ ਗੋਰਾ ਸਿੰਘ ਢੁਡਾਨੀ ਦੇ ਪਰਿਵਾਰ ਨੂੰ 1-1 ਲੱਖ ਰੁਪਏ ਦੀ ਸਹਾਇਤਾ ਪ੍ਰਦਾਨ ਕਰਨ ਤੇ ਇਹ ਦੱਸਣ ਕਿ ਸ਼੍ਰੋਮਣੀ ਅਕਾਲੀ ਦਲ ਰਾਹੀਂ ਸਾਰੀ ਦੁਨੀਆ ਤੋਂ ਸਿੱਖ ਕੌਮ ਉਨ੍ਹਾਂ ਦੇ ਨਾਲ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੁਨੀਆ ਭਰ ਵਿੱਚ ਸਿੱਖ ਕੌਮ ਦੇ ਹਰ ਮੈਂਬਰ ਦੇ ਹਿੱਤਾਂ ਦੀ ਰਖਵਾਲੀ ਯਕੀਨੀ ਬਣਾਏਗਾ।

ਬਾਂਸੂਰੀ ਸਵਰਾਜ ਦੇ ਸਮਰਥਨ ਵਿੱਚ ਵੱਡੀ ਗਿਣਤੀ ਵਿੱਚ ਵੋਟਾਂ ਪਈਆਂ: ਰਾਮਦਾਸ ਮਲਿਕ

ਨਵੀਂ ਦਿੱਲੀ। ਰਾਮਦਾਸ ਮਲਿਕ, ਭਾਰਤੀ ਜਨਤਾ ਪਾਰਟੀ, ਦਿੱਲੀ ਪ੍ਰਦੇਸ ਦੇ ਸੀਨੀਅਰ ਨੇਤਾ ਅਤੇ ਚੋਣ ਪ੍ਰਬੰਧਨ ਕਮੇਟੀ ਦੇ ਸਰੋਤ ਵਿਭਾਗ ਦੇ ਸਹਿ-ਮੁਖੀ ਅਤੇ ਇੱਕ ਉੱਘੇ ਸਮਾਜ ਸੇਵਕ, ਨੇ ਸਵੇਰੇ ਉੱਠ ਕੇ ਪਹਿਲਾਂ ਲੋਕ ਸਭਾ ਚੋਣਾਂ ਵਿੱਚ ਆਪਣੀ ਦੂਜੀ ਵੋਟ ਪਾਈ। ਰਾਜੇਂਦਰ ਨਾਗਰ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਲੋਕ ਹਿੱਤਾਂ ਲਈ ਜਲਦੀ ਜਾ ਕੇ ਆਪਣੀ ਵੋਟ ਪਾਓ। ਇਸ ਤੋਂ ਬਾਅਦ ਨਵੀਂ ਦਿੱਲੀ ਲੋਕ ਸਭਾ ਹਲਕੇ ਵਿੱਚ ਦੇਖਣ ਨੂੰ ਮਿਲਿਆ ਕਿ ਦਿੱਲੀ ਵਾਸੀਆਂ ਨੇ ਲੋਕ ਸਭਾ ਚੋਣਾਂ ਵਿੱਚ ਭਾਰੀ ਉਤਸਾਹ ਅਤੇ ਉਤਸਾਹ ਨਾਲ ਹਿੱਸਾ ਲਿਆ। ਸਵੇਰ ਤੋਂ ਹੀ ਸਹਿਰ ਦੇ ਵੱਖ-ਵੱਖ ਪੋਲਿੰਗ ਸਟੇਸਨਾਂ 'ਤੇ ਵੋਟਰਾਂ ਦੀਆਂ ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ, ਜਿਨ੍ਹਾਂ 'ਚ ਬਜੁਰਗ, ਬਜੁਰਗ, ਔਰਤਾਂ ਅਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰ ਸਾਮਲ ਸਨ। ਸਮੂਹ ਵੋਟਰਾਂ ਨੇ ਇਹ ਸੰਦੇਸ ਦਿੱਤਾ ਕਿ ਵੋਟ ਪਾਉਣਾ ਹਰ ਨਾਗਰਿਕ ਦਾ ਅਹਿਮ ਅਧਿਕਾਰ ਅਤੇ ਫਰਜ ਹੈ। ਆਪਣੀ ਵੋਟ ਪਾਉਣ ਤੋਂ ਬਾਅਦ, ਬਹੁਤ ਸਾਰੇ ਲੋਕਾਂ ਨੇ ਮਾਣ ਨਾਲ ਆਪਣੀ ਉਂਗਲੀ 'ਤੇ ਸਿਆਹੀ ਦਾ ਨਿਸਾਨ ਦਿਖਾਇਆ ਅਤੇ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਕਈ ਸਮਾਜਿਕ ਸੰਸਥਾਵਾਂ ਅਤੇ ਸਥਾਨਕ ਸਮੂਹਾਂ ਨੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਮੁਹਿੰਮਾਂ ਵੀ ਚਲਾਈਆਂ। ਉਕਤ ਪੱਤਰਕਾਰਾਂ ਵੱਲੋਂ ਆਰ.ਡੀ. ਮਲਿਕ ਨੇ ਕਿਹਾ ਕਿ ਵੋਟਰਾਂ ਦੀ ਸਹੂਲਤ ਦਾ ਪੂਰਾ ਧਿਆਨ ਰੱਖਿਆ ਗਿਆ ਹੈ ਅਤੇ ਵੋਟਿੰਗ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸੰਚਾਰ ਦੇ ਸਾਰੇ ਸਾਧਨ ਵਰਤੇ ਗਏ ਹਨ। ਇਸ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਰਾਮਦਾਸ ਮਲਿਕ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਦੀ ਗਾਰੰਟੀ 'ਤੇ ਭਰੋਸਾ ਪ੍ਰਗਟਾਉਂਦੇ ਹੋਏ ਪਾਰਟੀ ਦੇ ਸਾਰੇ ਉਮੀਦਵਾਰਾਂ ਨੂੰ ਆਸੀਰਵਾਦ ਦਿੱਤਾ ਹੈ, ਉਥੇ ਹੀ ਅਰਵਿੰਦ ਕੇਜਰੀਵਾਲ ਦੀ ਗਾਰੰਟੀ 'ਤੇ ਉਨ੍ਹਾਂ ਕਿਹਾ ਕਿ ਸ. ਜਿਸ ਕੋਲ ਆਪਣੀ ਗਾਰੰਟੀ ਨਹੀਂ ਹੈ ਉਹ ਖੁਦ ਜਮਾਨਤ 'ਤੇ ਹੈ। ਉਹ ਦਿੱਲੀ ਨੂੰ ਕੀ ਗਾਰੰਟੀ ਦੇਵੇਗਾ? ਉਨ੍ਹਾਂ ਕਿਹਾ ਕਿ ਅੱਜ ਦੀ ਵੋਟਿੰਗ ਵਿੱਚ ਦਿੱਲੀ ਦੇ ਲੋਕਾਂ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗਠਜੋੜ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਆਰ.ਡੀ. ਮਲਿਕ ਨੇ ਨਵੀਂ ਦਿੱਲੀ ਲੋਕ ਸਭਾ ਹਲਕੇ ਦੇ ਰਾਜੇਂਦਰ ਨਗਰ, ਕਰੋਲ ਬਾਗ, ਪਟੇਲ ਨਗਰ, ਮੋਤੀ ਨਗਰ, ਦਿੱਲੀ ਕੈਂਟ, ਨਵੀਂ ਦਿੱਲੀ, ਕਸਤੂਰਬਾ ਨਗਰ, ਮਾਲਵੀਆ ਨਗਰ, ਆਰ ਕੇ ਪੁਰਮ, ਗ੍ਰੇਟਰ ਕੈਲਾਸ ਲੋਕ ਸਭਾ ਹਲਕੇ ਦਾ ਦੌਰਾ

ਕੀਤਾ ਅਤੇ ਬੂਥਾਂ ਬਾਰੇ ਜਾਣਕਾਰੀ ਲਈ। ਵੋਟਰਾਂ ਨਾਲ ਮੁਲਾਕਾਤ ਕੀਤੀ ਅਤੇ ਵੋਟਰਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਅਤੇ ਕਈ ਸਮੱਸਿਆਵਾਂ ਦਾ ਹੱਲ ਕੀਤਾ। ਆਰ.ਡੀ. ਮਲਿਕ ਨੇ ਕਿਹਾ ਕਿ ਨਵੀਂ ਦਿੱਲੀ ਲੋਕ ਸਭਾ ਹਲਕੇ ਦੇ ਵੋਟਰਾਂ ਨੇ ਭਾਜਪਾ ਉਮੀਦਵਾਰ ਬਾਂਸੂਰੀ ਸਵਰਾਜ ਨੂੰ ਸੁਭਕਾਮਨਾਵਾਂ ਦਿੱਤੀਆਂ ਅਤੇ ਆਸ ਪ੍ਰਗਟਾਈ ਕਿ ਬਾਂਸੂਰੀ ਸਵਰਾਜ ਜਿੱਤਣਗੇ ਅਤੇ ਸਹਿਰ ਦੇ ਵਿਕਾਸ ਅਤੇ ਜਨਤਾ ਦੀ ਭਲਾਈ ਲਈ ਕੰਮ ਕਰਨਗੇ। ਲੋਕਾਂ ਨੇ ਇਹ ਵੀ ਕਿਹਾ ਕਿ ਉਹ ਚੋਣਾਂ ਵਿੱਚ ਹਿੱਸਾ ਲੈ ਕੇ ਲੋਕਤੰਤਰ ਨੂੰ ਮਜਬੂਤ ਕਰਨ ਵਿੱਚ ਯੋਗਦਾਨ ਪਾ ਰਹੇ ਹਨ। ਕੁੱਲ ਮਿਲਾ ਕੇ, ਦਿੱਲੀ ਦੇ ਲੋਕਾਂ ਦਾ ਉਤਸਾਹ ਅਤੇ ਭਾਗੀਦਾਰੀ ਦਰਸਾਉਂਦੀ ਹੈ ਕਿ ਉਹ ਆਪਣੇ ਅਧਿਕਾਰਾਂ ਅਤੇ ਫਰਜਾਂ ਪ੍ਰਤੀ ਸੁਚੇਤ ਹਨ ਅਤੇ ਚੰਗੇ ਭਵਿੱਖ ਲਈ ਦ੍ਰਿੜ ਹਨ। ਰਾਮਦਾਸ ਮਲਿਕ, ਉਨ੍ਹਾਂ ਦੇ ਸਾਥੀਆਂ, ਮਿੱਤਰਾਂ ਅਤੇ ਭਾਜਪਾ ਵਰਕਰਾਂ, ਰਾਜਿੰਦਰ ਨਗਰ ਇਲਾਕੇ ਦੇ ਰੀਨੇ ਨਿਵਾਸੀਆਂ ਨੇ ਲੋਕ ਸਭਾ ਚੋਣਾਂ ਵਿੱਚ ਪਹਿਲੀ ਵਾਰ ਵੋਟ ਪਾ ਕੇ ਨਵੀਂ ਦਿੱਲੀ ਲੋਕ ਸਭਾ ਸੀਟ ਦੇ ਉਮੀਦਵਾਰ ਬਾਂਸੂਰੀ ਸਵਰਾਜ ਲਈ ਖੁਸੀ ਅਤੇ ਉਤਸਾਹ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਸੰਦੇਸ ਦਿੱਤਾ ਕਿ ਹਰ ਵਿਅਕਤੀ ਨੂੰ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ, ਚਾਹੇ ਉਹ ਕਿਸੇ ਵੀ ਉਮੀਦਵਾਰ ਨੂੰ ਵੋਟ ਪਵੇ। ਵੋਟ ਇੱਕ ਅਹਿਮ ਅਧਿਕਾਰ ਹੈ ਜਿਸ ਦੀ ਵਰਤੋਂ ਹਰ ਨਾਗਰਿਕ ਨੂੰ ਕਰਨੀ ਚਾਹੀਦੀ ਹੈ। ਇਸ ਵਾਰ ਭਾਜਪਾ 400 ਨੂੰ ਪਾਰ ਕਰ ਗਈ ਹੈ।

ਪੁਲਸ ਸਿਪਾਹੀ ਖਾਤਰ 2 ਲੱਖ ਦੀ ਰਿਸਵਤ ਲੈਂਦਾ ਦੁਕਾਨਦਾਰ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ 27 ਮਈ। ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਗਾਂਧੀ ਚੌਕ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਿੰਮ ਸਪਲੀਮੈਂਟ ਦੀ ਦੁਕਾਨ

ਚਲਾਉਣ ਵਾਲੇ ਅਮਨ ਨਾਂ ਦੇ ਇੱਕ ਪ੍ਰਾਈਵੇਟ ਵਿਅਕਤੀ ਨੂੰ ਪੁਲਸ ਸਿਪਾਹੀ ਦੇ ਖਾਤਰ 2 ਲੱਖ ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਕੇਸ 'ਚ ਮੁਲਜਮ ਸਿਪਾਹੀ ਦੀ ਪਛਾਣ ਮੋਹਿਤ ਬੇਦੀ ਵਜੋਂ ਹੋਈ ਹੈ, ਜੋ ਸਪੈਸਲ ਟਾਸਕ ਫੋਰਸ (ਐੱਸ. ਟੀ. ਐੱਫ.) ਬਟਾਲਾ ਦੀ ਟੀਮ 'ਚ ਤਾਇਨਾਤ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇੱਕ ਸ਼ਿਕਾਇਤਕਰਤਾ ਮਹਿਲਾ ਨੇ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਾਇਆ ਕਿ ਐੱਸ. ਟੀ. ਐੱਫ. ਬਟਾਲਾ ਦੀ ਪੁਲਸ ਟੀਮ ਨੇ ਸੋਮਵਾਰ ਨੂੰ ਉਕਤ ਜਿੰਮ 'ਚ ਛਾਪਾ ਮਾਰਿਆ ਅਤੇ ਉਸ ਦੇ ਪਤੀ ਨੂੰ ਜਿੰਮ ਵਿੱਚੋਂ ਗ੍ਰਿਫ਼ਤਾਰ ਕਰ ਲਿਆ। ਸ਼ਿਕਾਇਤਕਰਤਾ ਨੇ ਇਹ ਵੀ ਦੱਸਿਆ ਕਿ ਐੱਸ. ਟੀ. ਐੱਫ. ਦੀ ਟੀਮ ਨੇ ਉਨ੍ਹਾਂ ਦੇ ਘਰ ਦੀ ਵੀ ਬਾਰੀਕੀ ਨਾਲ ਤਲਾਸੀ ਲਈ ਪਰ ਕੋਈ ਵੀ ਨਸੀਲਾ ਪਦਾਰਥ ਬਰਾਮਦ ਨਹੀਂ ਹੋਇਆ। ਮਹਿਲਾ ਨੇ ਦੋਸ਼ ਲਾਇਆ ਕਿ ਉਸਦੇ ਪਤੀ ਨੂੰ ਗ੍ਰਿਫ਼ਤਾਰ ਕਰਨ ਦੇ ਕਾਰਨ ਬਾਰੇ ਪੁੱਛੇ ਜਾਣ 'ਤੇ ਸਿਪਾਹੀ ਮੋਹਿਤ ਨੇ ਉਸ ਨੂੰ ਉਕਤ ਦੁਕਾਨਦਾਰ ਅਮਨ, ਜੋ ਕਿ ਉਸਦੇ ਪਤੀ ਦਾ ਦੋਸਤ ਵੀ ਹੈ, ਨੂੰ ਮਿਲਣ ਲਈ ਕਿਹਾ ਤਾਂ ਜੋ ਉਸਦੇ ਪਤੀ ਨੂੰ ਬਿਨਾਂ ਕਿਸੇ ਅਪਰਾਧਿਕ ਮੁਕੱਦਮਾ ਦਰਜ ਕੀਤਿਆਂ ਰਿਹਾਅ ਕਰਾਇਆ ਜਾ ਸਕੇ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਉਕਤ ਦੁਕਾਨਦਾਰ ਅਮਨ ਨੇ ਉਸ ਨੂੰ 10 ਲੱਖ ਰੁਪਏ ਰਿਸਵਤ ਦਾ ਪ੍ਰਬੰਧ ਕਰਨ ਅਤੇ ਰਿਸਵਤ ਦੀ ਪਹਿਲੀ ਕਿਸਤ ਵਜੋਂ 2 ਲੱਖ ਰੁਪਏ ਪੁਲਸ ਮੁਲਾਜਮ ਮੋਹਿਤ ਨੂੰ ਦੇਣ ਲਈ ਕਿਹਾ। ਬੁਲਾਰੇ ਨੇ ਦੱਸਿਆ ਕਿ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਨੇ ਜਾਲ ਵਿਛਾ ਕੇ ਦੋਸੀ ਦੁਕਾਨਦਾਰ ਅਮਨ ਨੂੰ ਦੋ ਸਰਕਾਰੀ ਅਧਿਕਾਰੀਆਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 2 ਲੱਖ ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਕਿਹਾ ਕਿ ਮੁਲਜਮ ਸਿਪਾਹੀ ਦੀ ਗ੍ਰਿਫ਼ਤਾਰੀ ਲਈ ਪੁਲਸ ਟੀਮਾਂ ਵੱਲੋਂ ਛਾਪੇਮਾਰੀ ਜਾਰੀ ਹੈ। ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਤਰਨਤਾਰਨ 'ਚ ਲੁਟੇਰਿਆਂ ਦੀ ਦਹਿਸ਼ਤ, ਬੈਂਕ ਮੁਲਾਜ਼ਮ ਕੋਲੋਂ ਨਕਦੀ ਤੇ ਖੋਹਿਆ ਮੋਬਾਇਲ

ਝਬਾਲ 27 ਮਈ। ਇਲਾਕਾ ਝਬਾਲ ਵਿਖੇ ਲੁੱਟ-ਖੋਹ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਅਤੇ ਨਿੱਤ ਦਿਨ ਕੋਈ ਨਾ ਕੋਈ ਘਟਨਾ ਲਗਾਤਾਰ ਵਾਪਰ ਰਹੀ ਹੈ। ਬੀਤੀ ਰਾਤ ਇਕ ਝਬਾਲ ਦਾ ਵਸਨੀਕ ਨੌਜਵਾਨ ਜੋ ਪ੍ਰਾਈਵੇਟ ਬੈਂਕ 'ਚ ਸਰਵਿਸ ਕਰਦਾ, ਘਰ ਨੂੰ ਪਰਤਦਿਆਂ ਇਨ੍ਹਾਂ ਹਥਿਆਰਬੰਦ ਨੌਜਵਾਨਾਂ ਦਾ ਸ਼ਿਕਾਰ ਹੋ ਗਿਆ। ਥਾਣਾ ਝਬਾਲ ਵਿਖੇ ਦਿੱਤੀ ਲਿਖਤੀ ਸ਼ਿਕਾਇਤ 'ਚ ਲਖਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਝਬਾਲ ਜੋ ਕਿ ਇਕ ਪ੍ਰਾਈਵੇਟ ਬੈਂਕ 'ਚ ਨੌਕਰੀ ਕਰਦਾ ਨੇ ਦੱਸਿਆ ਕਿ ਰਾਤ ਤਕਰੀਬਨ 10.30 ਵਜੇ ਉਹ ਮੋਟਰਸਾਈਕਲ 'ਤੇ ਤਰਨਤਾਰਨ ਤੋਂ ਝਬਾਲ ਆਪਣੇ ਘਰ ਨੂੰ ਆ ਰਿਹਾ ਸੀ ਕਿ ਝਬਾਲ ਤੋਂ ਪਿੱਛੇ ਮੋੜ ਬਾਬਾ ਸਿਧਾਣਾ ਨੇੜੇ ਉਸ ਨੂੰ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਜਿਨ੍ਹਾਂ ਕੋਲ ਪਿਸਤੌਲ ਸਨ ਨੇ ਜ਼ਬਰਦਸਤੀ ਰੋਕ ਕੇ ਉਸ ਕੋਲੋਂ ਪਿਸਤੌਲ ਦੀ ਨੌਕ 'ਤੇ 1800 ਰੂਪੈ ਨਕਦ ਅਤੇ ਇਕ ਮੋਬਾਇਲ ਖੋਹ ਲਿਆ ਤੇ ਮੋਟਰਸਾਈਕਲ 'ਤੇ ਫਰਾਰ ਹੋ ਗਏ। ਜਿਸ ਸਬੰਧੀ ਉਸ ਨੇ ਥਾਣਾ ਝਬਾਲ ਵਿਖੇ ਦਰਖਾਸਤ ਦੇ ਦਿੱਤੀ ਹੈ, ਜਿਸ ਦੇ ਆਧਾਰ 'ਤੇ ਪੁਲਸ ਕਾਰਵਾਈ ਕਰ ਰਹੀ ਹੈ। ਇਲਾਕੇ ਦੇ ਲੋਕਾਂ ਵਲੋਂ ਐੱਸ. ਐੱਸ. ਪੀ. ਤਰਨਤਾਰਨ ਕੋਲੋਂ ਪੁਰਜ਼ੋਰ ਮੰਗ ਹੈ ਕਿ ਇਲਾਕੇ 'ਚ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਅਤੇ ਲੁੱਟਾਂ-ਖੋਹਾਂ ਨੂੰ ਰੋਕਿਆ ਜਾਵੇ ਤਾਂ ਕਿ ਲੋਕਾਂ 'ਚ ਫੈਲੀ ਦਹਿਸ਼ਤ ਖਤਮ ਹੋਵੇ।

ਸ਼ਾਰਟ ਸਰਕਟ ਨਾਲ ਝੋਪੜੀ ਨੂੰ ਲੱਗੀ ਅੱਗ, ਮੋਟਰਸਾਈਕਲ ਤੇ ਬਰਤਨ ਸੜ ਕੇ ਸੁਆਹ

ਪਟਿਆਲਾ 27 ਮਈ। ਸ਼ਹਿਰ ਦੇ ਸਨੌਰ ਰੋਡ 'ਤੇ ਸਥਿਤ ਜੈਸਮੀਨ ਕਾਲੋਨੀ ਵਿਖੇ ਇਕ ਝੋਪੜੀ ਦੇ ਉੱਪਰੋਂ ਲੰਘ ਰਹੀ ਬਿਜਲੀ ਦੀ ਤਾਰ ਕਾਰਨ ਸ਼ਾਰਟ ਸਰਕਟ ਹੋ ਗਿਆ ਅਤੇ ਝੋਪੜੀ ਨੂੰ ਅੱਗ ਲੱਗ ਗਈ, ਜਿਸ ਨਾਲ ਸਾਰੀ ਝੋਪੜੀ ਸੜ ਕੇ ਸੁਆਹ ਹੋ ਗਈ। ਘਰ 'ਚ ਖੜ੍ਹਾ ਮੋਟਰਸਾਈਕਲ, ਪੇਟੀਆਂ, ਕੱਪੜੇ ਅਤੇ ਬਰਤਨ ਸੜ ਕੇ ਸੁਆਹ ਹੋ ਗਏ। ਘਟਨਾ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ ਤਾਂ ਸੂਚਨਾ ਤੋਂ ਬਾਅਦ ਗੱਡੀ ਮੌਕੇ 'ਤੇ ਪਹੁੰਚ ਗਈ ਅਤੇ ਅੱਗ 'ਤੇ ਕਾਬੂ ਪਾ ਲਿਆ ਗਿਆ। ਟੀਮ ਦੀ ਅਗਵਾਈ ਫਾਇਰ ਬ੍ਰਿਗੇਡ ਦੇ ਇੰਚਾਰਜ ਰਜਿੰਦਰ ਕੌਸ਼ਲ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਹੁਣ ਅੱਗ ਪੂਰੀ ਤਰ੍ਹਾਂ ਕੰਟਰੋਲ 'ਚ ਹੈ। ਘਟਨਾ ਨਾਲ ਪਰਿਵਾਰ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਝੋਪੜੀ ਦੀ ਮਾਲਕਣ ਸਵਰਨ ਕੌਰ ਨੇ ਦੱਸਿਆ ਕਿ ਉਹ ਝੋਪੜੀ 'ਚ ਪੂਰੇ ਪਰਿਵਾਰ ਸਮੇਤ ਰਹਿੰਦੀ ਹੈ ਅਤੇ ਉਨ੍ਹਾਂ ਦੇ ਪਰਿਵਾਰ ਦੇ 12-13 ਮੈਂਬਰ ਹਨ। ਅੱਜ ਝੋਪੜੀ ਦੇ ਉੱਪਰੋਂ ਲੰਘ ਰਹੀ ਬਿਜਲੀ ਦੀ ਤਾਰ ਨਾਲ ਸ਼ਾਰਟ ਸਰਕਟ ਹੋ ਗਿਆ ਅਤੇ ਝੋਪੜੀ ਨੂੰ ਅੱਗ ਲੱਗ ਗਈ। ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਪਤਾ ਲੱਗਦੇ ਹੀ ਪਰਿਵਾਰ ਮੈਂਬਰ ਜਿਨ੍ਹਾਂ 'ਚ ਛੋਟੇ ਬੱਚੇ ਵੀ ਸਨ, ਝੋਪੜੀ ਤੋਂ ਬਾਹਰ ਆ ਗਏ। ਇਸ ਕਾਰਨ ਬਚਾਅ ਹੋ ਗਿਆ। ਉਨ੍ਹਾਂ ਦੱਸਿਆ ਕਿ ਝੋਪੜੀ 'ਚ ਪਏ ਸਿਲੰਡਰ ਨੂੰ ਵੀ ਅੱਗ ਲੱਗ ਗਈ। ਮਾਤਾ ਸਵਰਨ ਕੌਰ ਨੇ ਦੱਸਿਆ ਕਿ ਅੱਗ ਲੱਗਣ ਦੀ ਘਟਨਾ ਨਾਲ ਸਾਰਾ ਸਾਮਾਨ ਸੜ ਕੇ ਸੁਆਹ ਹੋ ਗਿਆ। ਉਨ੍ਹਾਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਹ ਗਰੀਬੀ ਕਾਰਨ ਝੋਪੜੀ 'ਚ ਸਮਾਂ ਪਾਸ ਕਰਦੀ ਸੀ। ਉਹ ਵੀ ਸੜ ਗਈ ਅਤੇ ਉਨ੍ਹਾਂ ਕੋਲ ਰਹਿਣ ਨੂੰ ਕੋਈ ਟਿਕਾਣਾ ਨਹੀਂ ਬਚਿਆ ਅਤੇ ਕੋਈ ਸਾਮਾਨ ਵੀ ਨਹੀਂ ਬਚਿਆ।

ਸ਼ਬਦੋ ਵਲਜਾਰਿਓ

ਜੇਬ

ਪਰਮਜੀਤ ਢੀਂਗਰਾ
94173-58120

ਪਹਿਨਣ ਵਾਲੇ ਕਪੜਿਆਂ ਦਾ ਇਕ ਜ਼ਰੂਰੀ ਅੰਗ ਜੇਬ ਹੈ। ਇਹ ਸ਼ਬਦ ਉਰਦੂ ਫ਼ਾਰਸੀ ਰਾਹੀਂ ਭਾਰਤੀ ਭਾਸ਼ਾਵਾਂ ਵਿਚ ਦਾਖ਼ਲ ਹੋਇਆ। ਮੂਲ ਰੂਪ ਵਿਚ ਇਹ ਸੈਮਟਿਕ ਭਾਸ਼ਾ ਪਰਿਵਾਰ ਦਾ ਸ਼ਬਦ ਹੈ। ਇਹਦੀ ਵਿਓਂਤਪਤੀ ਜ-ਬ ਧਾਤੂ ਤੋਂ ਹੋਈ ਹੈ। ਜਿਸ ਦਾ ਅਰਥ ਹੈ-ਬਟੂਆ। ਅਰਬੀ ਜ਼ੁਬਾਨ ਵਿਚ ਇਹਦੇ ਲਈ ਅਲ-ਜੇਬ ਅਤੇ ਜਿਬ ਵਰਗੇ ਸ਼ਬਦ ਹਨ। ਹਿਬਰੂ ਵਿਚ ਇਹਦੇ ਲਈ ਜ਼ੁਬਾ ਸ਼ਬਦ ਮਿਲਦਾ ਹੈ-ਜਿਸ ਦਾ ਅਰਥ ਹੈ-ਪੈਸਾ।

ਸਪਸ਼ਟ ਹੈ ਕਿ ਜੇਬ ਦਾ ਰਿਸ਼ਤਾ ਪੈਸੇ ਨਾਲ ਅਥਵਾ ਰੱਖਣ ਨਾਲ ਜੁੜਦਾ ਹੈ। ਇਕ ਅਰਬੀ ਪੁਸ਼ਾਕ ਦਾ ਨਾਂ ਵੀ ਜ਼ੁਬਾਹ ਹੈ ਜੋ ਸ਼ੇਰਵਾਨੀ ਵਾਂਗ ਲੰਬੀ ਹੁੰਦੀ ਹੈ। ਜੇਬ ਦਾ ਰਿਸ਼ਤਾ ਇਸ ਜ਼ੁਬਾਹ ਨਾਲ ਵੀ ਜੁੜਦਾ ਹੈ। ਜੇਬ ਸ਼ਬਦ ਨਾਲ ਜੁੜੇ ਕੁਝ ਹੋਰ ਸ਼ਬਦ ਵੀ ਹਨ ਜਿਵੇਂ ਜੇਬਕੱਟ, ਜੇਬ ਤਰਾਸ਼, ਜੇਬ ਕਤਰਾ, ਜੇਬੀ, ਜੇਬ ਖ਼ਰਚ ਆਦਿ। ਧਾਰਮਿਕ ਸਥਾਨਾਂ 'ਤੇ ਅਕਸਰ ਇਹ ਉਕਤੀ ਲਿਖੀ ਹੁੰਦੀ ਹੈ-ਜੇਬ ਕਤਰਿਆਂ ਤੋਂ ਬਚ ਕੇ ਰਹੋ ਜਾਂ ਜੇਬ ਕਤਰਿਆਂ ਤੋਂ ਸਾਵਧਾਨ। ਏਸ਼ੀਆ, ਯੂਰਪ ਦੇ ਕਈ ਮੁਲਕਾਂ ਵਿਚ ਜੇਬ ਸ਼ਬਦ ਪ੍ਰਚਲਤ ਹੈ ਪਰ ਇਹਦੇ ਰੂਪ ਵੱਖ-ਵੱਖ ਹਨ ਜਿਵੇਂ-ਹਿਬਰੂ ਵਿਚ ਗੇਵ, ਅਲਬਾਨੀ ਵਿਚ ਜ਼ੇਪ, ਬੁਲਗਾਰੀ ਵਿਚ ਝੇਬ, ਸਰਬੀਆਈ ਵਿਚ ਜੇਪ, ਆਈਜ਼ਰਬਾਨੀ ਵਿਚ ਸਿਬ, ਹੰਗੇਰੀ ਵਿਚ ਜਸੇਬ, ਤੁਰਕੀ ਵਿਚ ਸੇਪ ਅਤੇ ਗਰੀਕ ਵਿਚ ਤਸੇਪੀ ਸ਼ਬਦ ਅਰਬੀ ਜੇਬ ਦੇ ਹੀ ਸਜਾਤੀ ਹਨ।

ਜੇਬ ਲਈ ਇਕ ਅੰਗਰੇਜ਼ੀ ਸ਼ਬਦ ਪਾਕੇਟ ਵੀ ਭਾਰਤੀ ਭਾਸ਼ਾਵਾਂ ਵਿਚ ਪ੍ਰਚਲਤ ਹੈ। ਜੇਬ ਖ਼ਰਚ ਸ਼ਬਦ ਪਾਕੇਟਮਨੀ ਤੋਂ ਹੀ ਬਣਿਆ ਹੈ। ਏਸੇ ਤਰ੍ਹਾਂ ਪਾਕੇਟ ਬੁਕ, ਪਾਕੇਟ ਗਾਈਡ, ਪਾਕੇਟ ਡਿਕਸ਼ਨਰੀ, ਪਾਕੇਟ ਵਾਚ ਆਦਿ ਸ਼ਬਦ ਹਨ। ਪਾਕੇਟ ਸ਼ਬਦ ਦੀ ਵਿਓਂਤਪਤੀ ਜਰਮੈਨਿਕ ਧਾਤੂ ਪੁਕ ਤੋਂ ਹੋਈ ਹੈ ਜਿਸ ਦਾ ਅਰਥ ਹੈ ਪੋਸ਼ਾਕ ਨਾਲ ਸੀਤੀ ਹੋਈ ਛੋਟੀ ਜੇਬ। ਪਹਿਲੀ ਸੰਸਾਰ ਜੰਗ ਵਿਚ ਫ਼ੌਜੀਆਂ ਨੂੰ ਜੰਗ ਲਈ ਬਹੁਤ ਸਾਰਾ ਸਾਜੋ-ਸਾਮਾਨ ਚਾਹੀਦਾ ਸੀ। ਏਸੇ ਕਰਕੇ ਉਨ੍ਹਾਂ ਦੀ ਵਰਦੀ 'ਤੇ ਕਈ ਜੇਬਾਂ ਜਾਂ ਪਾਕੇਟਾਂ ਦਾ ਚਲਨ ਹੋਇਆ। ਅੱਜ ਕੱਲ੍ਹ ਪਾਕੇਟ ਮਾਰ, ਪਾਕੇਟਮਾਰੀ ਸ਼ਬਦ ਵੀ ਪ੍ਰਚਲਤ ਹਨ। ਜੇਬ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ ਜਿਵੇਂ-ਜੇਬ ਖ਼ਾਸ-ਖਜ਼ਾਨੇ ਦੀ ਉਹ ਰਕਮ ਜੋ ਬਾਦਸ਼ਾਹ ਦੇ ਨਿੱਜੀ ਖ਼ਰਚ ਲਈ ਹੁੰਦੀ ਸੀ, ਜੇਬ ਖ਼ਾਲੀ ਹੋ ਜਾਣਾ-ਕੋਲ ਕੁਝ ਨਾ ਰਹਿਣਾ, ਪੱਲੇ ਪੈਸੇ ਨਾ ਹੋਣੇ; ਜੇਬ 'ਚ ਪੈਸਾ ਹੋਣਾ-ਅਮੀਰ ਹੋਣਾ, ਪੱਲੇ ਕਾਫ਼ੀ ਧਨ ਹੋਣਾ; ਜੇਬ ਭਾਰੀ ਹੋਣਾ-ਅਮੀਰ ਹੋਣਾ; ਜੇਬ ਹਲਕੀ ਕਰਨਾ-ਪੈਸੇ ਵੰਡਣੇ; ਜੇਬ ਵਿਚ ਹੋਣਾ-ਵਸ ਵਿਚ ਹੋਣਾ, ਪ੍ਰਭਾਵ ਵਿਚ ਹੋਣਾ; ਜੇਬ ਢਿਲੀ ਕਰਨੀ-ਪੈਸੇ ਖ਼ਰਚਨੇ ਆਦਿ। •

ਕਵਿਤਾਵਾਂ

ਨਜ਼ਮ

• ਜਸ ਪ੍ਰੀਤ

ਪਿਆਰੇ ਅਮਲਤਾਸ
ਜਦ ਵੀ ਮਿਲਦੀ ਹਾਂ
ਤੂੰ ਬਣੇ
ਕਦੀ ਕਲੀਰਾ
ਝੁਮਕਾ
ਮਾਲ੍ਹਾ
ਗਜਰਾ
ਤੇ ਕਦੀ
ਵਿਛ ਜਾਂਦਾ ਪੈਰਾਂ 'ਚ
ਚੁੰਮਦਾ ਪੈਰ
ਕਿਹੜੇ-ਕਿਹੜੇ ਰੂਪ ਵਿਚ
ਮਿਲਦਾ ਤੂੰ ਮੈਨੂੰ...
ਮੇਰੇ ਪਿਆਰੇ ਅਮਲਤਾਸ

ਗ਼ਜ਼ਲਾਂ

ਕਰਮਜੀਤ ਕੰਮੋ
'ਦਿਉਣ ਐਲਨਾਬਾਦ'
94672-95003

ਇੱਕ ਫ਼ਰਿਸ਼ਤੇ ਦੀ ਮੂਰਤ ਹੈ, ਟੁੱਟੀ ਮੇਰੇ ਅੰਦਰ।
ਸ਼ੀਰਾਂ ਵਾਂਙੂੰ ਓਸ ਚਲਾਇਆ, ਮੇਰੇ ਦਿਲ 'ਤੇ ਖੰਜ਼ਰ।

ਖ਼ਬਰੇ ਕਿਸ ਨੇ ਰਿਸ਼ਵਤ ਦਿੱਤੀ, ਹੋਈ ਸੀ ਤੂਫ਼ਾਨਾਂ ਨੂੰ,
ਹਾਏ! ਕਿੰਨੇ ਸ਼ਹਿਰ ਪਲਾਂ ਵਿਚ, ਕੀਤੇ ਇਹਨਾਂ ਖੰਡਰ।

ਜਿਸ ਪਲ ਸਾਨੂੰ ਛੱਡ ਕੇ ਤੁਰਿਆ, ਬਾਬੁਲ ਮੇਰਾ ਹਾਏ!
ਅੱਖਾਂ ਸਾਵ੍ਹੇਂ ਹਰ ਪਲ ਰਹਿੰਦਾ ਹੈ ਉਹ ਭੈੜਾ ਮੰਜ਼ਰ।

ਜ਼ਿਕਰ ਕਦੇ ਜਦ ਉਸ ਦਾ ਹੋਵੇ, ਜ਼ੋਰੀਂ ਧੜਕੇ ਦਿਲ,
ਹਾਲੇ ਵੀ ਉਹ ਵਸਦਾ ਲਗਦੈ, ਕਿਧਰੇ ਮੇਰੇ ਅੰਦਰ।

ਮੈਂ ਤਾਂ ਉਸ ਨੂੰ ਰੱਬ ਸਮਝ ਕੇ, ਇਸ਼ਕ ਇਬਾਦਤ ਕੀਤੀ,
'ਕਰਮ' ਖ਼ੁਦਾ ਸੀ ਉਹ ਮੇਰਾ ਤੇ ਮਨ ਮੇਰਾ ਸੀ ਮੰਦਰ।

ਮਨਦੀਪ ਗਿੱਲ
99881-11134

ਕਿਧਰੇ ਬੁੱਤ ਲਗਾਏ,
ਕਿਧਰੇ ਢਾਏ ਜਾਂਦੇ ਨੇ।
ਇੰਝ ਵੀ ਲੋਕੀ ਮੁੰਦਿਆ ਤੋਂ
ਭਟਕਾਏ ਜਾਂਦੇ ਨੇ।

ਨਾਂ ਲੈ ਕੇ ਭਗਵਾਨ ਦਾ
ਤੇ ਕਦੇ ਸ਼ੈਤਾਨ ਦਾ,
ਆਪਣਿਆਂ ਤੋਂ ਅਪਣੇ ਹੀ
ਮਰਵਾਏ ਜਾਂਦੇ ਨੇ।

ਕੌਣ ਜਗਾਊ ਦੇਸ਼ ਮੇਰੇ ਦੀ
ਸੁੱਤੀ ਜਨਤਾ ਨੂੰ,
ਏਥੇ ਤਾਂ ਫ਼ਰਿਸ਼ਤੇ ਸੂਲੀ
'ਤੇ ਚੜ੍ਹਾਏ ਜਾਂਦੇ ਨੇ।

ਖ਼ਾਬ ਵਿਖਾ ਕੇ ਲੋਕਾਂ ਨੂੰ
ਬਹਿਸਤ 'ਚੋਂ ਦੂਰ ਦੇ,
ਧਰਤੀ 'ਤੇ ਯਾਰੋ
ਬੰਦੇ ਮਰਵਾਏ ਜਾਂਦੇ ਨੇ।

ਮੇਰੇ ਦੇਸ਼ ਨੂੰ ਲੁਟਿਆਂ ਹੈ
ਭੈੜੇ ਸਿਆਸਤਦਾਨਾਂ,
ਜੁਮਲੇਬਾਜ਼ੀ ਕਰ ਵੋਟਰ
ਭਰਮਾਏ ਜਾਂਦੇ ਨੇ।

ਭੁੱਖੇ ਨੂੰ ਮਿਲਦੀ ਨਾ
'ਮਨਦੀਪ' ਕਦੇ ਵੀ ਰੋਟੀ,
ਐਪਰ ਪੱਥਰਾਂ ਨੂੰ ਭੋਜਨ
ਕਰਵਾਏ ਜਾਂਦੇ ਨੇ।

ਸੁਣ ਤੂੰ ਪੁਕਾਰ ਐ ਦਿਲ ਮੰਜ਼ਿਲ ਪੁਕਾਰਦੀ।
ਮੁਸ਼ਕਿਲ ਘੜੀ ਹੀ ਆਖਰ ਰਸਤਾ ਸੰਵਾਰਦੀ।

ਸੋਨਾ ਵੀ ਹੋਰ ਚਮਕੇ ਪੈ ਕੇ ਕੁਠਾਲ ਵਿਚ,
ਤੇਰੀ ਹੈ ਵਾਟ ਲੰਮੀ ਤੈਨੂੰ ਵੰਗਾਰਦੀ।

ਜੀਵਨ ਦਾ ਫਲਸਫ਼ਾ ਹੈ ਚੱਲਣਾ ਹੀ ਜ਼ਿੰਦਗੀ,
ਮਿਹਨਤਕਸ਼ ਦਾ ਦੁਨੀਆ ਹੈ ਸਿਜਦਾ ਉਤਾਰਦੀ।

ਰਸਤੇ ਨੂੰ ਨਾਪਣਾ ਹੀ ਅਸਲੀ ਨਿਚੋੜ ਹੈ,
ਜੱਚਦੀ ਏ ਗੱਲ ਸਾਨੂੰ ਫ਼ੌਜਾਂ ਦੀ ਡਾਰ ਦੀ।

ਅਪਣੀ ਹੀ ਚਾਲ ਚਲਦਾ ਰੁਕਦਾ ਨਹੀਂ ਸਮਾਂ,
ਤਾਂ ਹੀ ਤਾਂ ਜ਼ਿੰਦਗੀ ਹੈ ਸਮਿਆਂ ਤੋਂ ਹਾਰਦੀ।

ਦੂਣੀ ਵਧੇ ਕਮਾਈ, ਹੱਕ-ਸੱਚ, ਵਧੇ-ਫਲੇ,
ਧੋਖੇ ਫ਼ਰੇਬ ਵਾਲੀ ਹਓਮੈ ਨਿਘਾਰਦੀ।

ਦਸਵੰਧ ਵੀ ਸੀ ਕੱਢਿਆ, ਪੁੰਛਿਆ ਨਾ ਮੋੜ ਕੇ,
ਭੁੱਖ ਨੂੰ ਛਕਾਈ ਰੋਟੀ, ਹਿਰਦੇ ਨੂੰ ਠਾਰਦੀ।

ਦੁਨੀਆ ਨੂੰ ਤੁੱਛ ਸਮਝੇ ਬੰਦਾ ਹੰਕਾਰਿਆ,
ਦੁਨੀਆ ਵੀ ਦੇਖੇ ਉਸ ਨੂੰ ਮੁੱਢੋਂ ਨਕਾਰਦੀ।

• **ਅਮਨ ਦਾਤੇਵਾਸੀਆ,** 94636-09540

ਜਦ ਵੀ ਤੇਰੀਆਂ ਗੱਲਾਂ ਚਲੀਆਂ।
ਦਿਲ ਮੇਰੇ ਵਿਚ ਲਾਟਾਂ ਬਲੀਆਂ।

ਕੀਕਣ ਫੁੱਲ ਵਗਾਹ ਸਨ ਸੁੱਟੇ,
ਕਿੰਝ ਪੈਰੀਂ ਸੀ ਰੋਲੀਆਂ ਕਲੀਆਂ।

ਇਸ਼ਕ ਦਾ ਬੂਟਾ ਸੁੱਕ ਨਾ ਜਾਵੇ,
ਮੈਂ ਪਾਈ ਰਤ ਭਰ ਕੇ ਪਲ੍ਹੀਆਂ।

ਤੈਨੂੰ ਤਾਂ ਸਭ ਵਿਸਰ ਗਿਆਂ ਏ,
ਪੈਰਾਂ ਹੇਠ ਟਿਕਾਈਆਂ ਤਲੀਆਂ।

ਤੂੰ 'ਕੱਲੇ ਨਹੀਂ ਵੈਰ ਕਮਾਇਆ,
ਇਹ ਤਕਦੀਰਾਂ ਨਾਲ ਸੀ ਰਲੀਆਂ।

ਤੈਨੂੰ ਦੱਸ ਕੀ ਮਿਲਿਆ ਵਿੱਚੋਂ,
ਇਹ ਚਾਵਾਂ ਦੀਆਂ ਦੇ ਕੇ ਬਲੀਆਂ।

ਸ਼ਹਿਰ ਤੇਰੇ ਵਿਚ ਸੁਣਓ 'ਪਾਰਸ',
ਹੁਸਨ ਮੇਰੇ ਦੀਆਂ ਸ਼ਾਮਾਂ ਢਲੀਆਂ।

• **ਪ੍ਰਤਾਪ ਪਾਰਸ ਗੁਰਦਾਸਪੁਰੀ**
99888-11681

ਨਿੱਕੀ ਕਹਾਣੀ

ਨੁਕਸਾਨ

ਬਲਜੀਤ ਸਕੂਲ ਜਾਣ ਲਈ ਤਿਆਰ ਹੋ ਰਹੀ ਸੀ ਅਤੇ ਕੋਲ ਬੈਠਾ ਉਸ ਦਾ ਬੇਟਾ ਮੋਬਾਈਲ ਉੱਤੇ ਗੇਮ ਖੇਡ ਰਿਹਾ ਸੀ। ਉਹ ਰੋਜ਼ਾਨਾ ਬੇਟੇ ਨੂੰ ਸਕੂਲ ਵੈਨ ਚੜ੍ਹਾਉਣ ਪਿੱਛੋਂ ਆਪਣੀ ਡਿਊਟੀ 'ਤੇ ਜਾਂਦੀ ਸੀ।

ਵੈਨ ਦਾ ਹਾਰਨ ਸੁਣ ਕੇ ਜਦੋਂ ਬਲਜੀਤ ਨੇ ਆਪਣੇ ਬੇਟੇ ਤੋਂ ਮੋਬਾਈਲ ਮੰਗਿਆ ਤਾਂ ਉਹ ਰੋਣ-ਹਾਕਾ ਮੂੰਹ ਬਣਾ ਕੇ ਕਹਿਣ ਲੱਗਿਆ, 'ਮੰਮਾ, ਮੇਰਾ ਜੀਅ ਕਰਦੈ, ਅੱਜ ਮੈਂ ਮੋਬਾਈਲ ਸਕੂਲ ਈ ਲੈ ਜਾਵਾਂ।' ਇਹ ਸੁਣ ਕੇ ਬਲਜੀਤ ਅੱਗ ਬਬੂਲਾ ਹੋ ਬੋਲੀ, 'ਸਕੂਲ 'ਚ ਫੋਨ !! ਉੱਥੇ ਪੜ੍ਹਨ ਜਾਣੈ ਜਾਂ ਮੋਬਾਈਲ 'ਤੇ ਗੇਮਾਂ ਖੇਡਣ? ਬਥੇਰਾ ਨੁਕਸਾਨ ਕਰਤਾ ਪਹਿਲਾਂ ਹੀ ਇਸ ਨੇ ਤੇਰੀ ਪੜ੍ਹਾਈ ਦਾ, ਫੜਾ ਉਰੇ।'

ਬਲਜੀਤ ਨੇ ਇੱਕੋ ਝਟਕੇ 'ਚ ਮੋਬਾਈਲ ਖੋਹ ਲਿਆ ਅਤੇ ਬੇਟਾ ਗੁੱਸੇ 'ਚ ਬੋਲਿਆ, 'ਤੁਸੀਂ ਆਪ ਵੀ ਤਾਂ ਰੋਜ਼ ਈ ਮੋਬਾਈਲ ਲੈ ਕੇ ਜਾਂਦੇ ਓ ਸਕੂਲ 'ਚ, ਜਦੋਂ ਉੱਥੇ ਚੈਟ ਕਰਦੇ ਹੋ ਓਦੋਂ ਨੀਂ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ?' ਬੇਟੇ ਦੀ ਗੱਲ ਸੁਣ ਕੇ ਬਲਜੀਤ ਪੱਥਰ ਬਣੀ ਕਚੀਚੀਆਂ ਲੈਂਦੀ ਰਹੀ।

• **ਮਾ. ਸੁਖਵਿੰਦਰ ਦਾਨਗੜ੍ਹ,** 94171-80205

ਭਾਸ਼ਾ, ਨਵ-ਵਿਚਾਰ ਤੇ ਵਰਤਮਾਨ

ਮਨਮੋਹਨ
082839-48811

ਭਾਸ਼ਾ ਤੇ ਨਵੇਂ ਵਿਚਾਰਾਂ ਦੀ ਆਮਦ ਦੋਵੇਂ ਆਪਸ 'ਚ ਪੂਰਕ ਵਿਸ਼ੇ ਨੇ। ਨਵੀਂ ਭਾਸ਼ਾ ਦੀ ਘਾੜਤ, ਨਵੇਂ ਵਿਚਾਰਾਂ ਦੇ ਪ੍ਰਵੇਸ਼ ਨਾਲ ਨਾਤੂ-ਸਬੰਧਾਂ 'ਚ ਜੁੜੀ ਹੁੰਦੀ ਹੈ। ਨਵੇਂ ਵਿਚਾਰਾਂ ਨਾਲ ਨਵੀਂ ਭਾਸ਼ਾ ਦਾ ਆਉਣਾ ਸੁਭਾਵਿਕ ਹੈ ਪਰ ਇਸ ਵੇਲੇ ਇੰਝ ਲੱਗ ਰਿਹਾ ਹੈ ਕਿ ਪਿਛਲੇ ਦੌਰ 'ਚ ਨਵੇਂ ਵਿਚਾਰਾਂ ਦੀ ਨਾ ਆਮਦ ਹੋਈ ਹੈ ਤੇ ਨਾ ਹੀ ਨਵੀਂ ਭਾਸ਼ਾ ਦਾ ਸਿਰਜਣ ਹੋਇਆ। ਵੀਹਵੀਂ ਸਦੀ 'ਚ ਜਿਨ੍ਹਾਂ ਵਿਚਾਰਾਂ ਦਾ ਗ਼ਲਬਾ ਰਿਹਾ ਹੈ ਉਨ੍ਹਾਂ ਦੀ ਭਾਲ ਜ਼ਿਮਦਾ ਤੌਰ 'ਤੇ ਉਨੀਵੀਂ ਸਦੀ 'ਚ ਹੋਈ ਜਿਵੇਂ ਮਾਰਕਸ ਦਾ ਦਵੰਦਾਤਮਕ ਭੌਤਿਕਵਾਦ, ਚਾਰਲਸ ਡਾਰਵਿਨ ਦਾ ਵਿਕਾਸਵਾਦ ਅਤੇ ਸਿਗਮੰਡ ਫਰਾਇਡ ਦਾ ਮਨੋਵਿਗਿਆਨਵਾਦ। ਇਨ੍ਹਾਂ ਨੇ ਮਨੁੱਖੀ ਪ੍ਰਤੱਖਣ ਤੇ ਸਮਝ 'ਚ ਨਵੇਂ ਅਯਾਮ ਪੈਦਾ ਕੀਤੇ। ਵੀਹਵੀਂ ਸਦੀ 'ਚ ਆਇਨਸਟਾਈਨ ਦੇ ਸਾਪੇਖਕਤਾ ਦੇ ਵਿਚਾਰ ਤੋਂ ਬਿਨਾਂ ਵਡੇਰੇ ਪੱਧਰ 'ਤੇ ਨਵੇਂ ਵਿਚਾਰਾਂ ਦੀ ਵੱਡੀ ਅਣਹੋਂਦ ਦਿਖਾਈ ਦਿੰਦੀ ਹੈ। ਇਸ ਪ੍ਰਸੰਗ 'ਚ ਕੀ ਇਸ ਸਵਾਲ ਦੇ ਪੈਦਾ ਹੋਣ ਦਾ ਖ਼ਦਸ਼ਾ ਜ਼ੀਰਵਾਜਿਬ ਨਹੀਂ ਕਿ ਕੀ ਜੈਵਿਕ ਰੂਪ 'ਚ ਮਾਨਵਤਾ ਆਪਣੇ ਵਿਕਾਸ-ਕ੍ਰਮ ਦੇ ਓਸ ਪੜਾਅ 'ਤੇ ਪਹੁੰਚ ਗਈ ਹੈ ਜਿੱਥੇ ਨਵੇਂ ਵਿਚਾਰਾਂ ਦੀ ਖਮਤਾ ਨਹੀਂ ਰਹੀ?ਕਿਸੇ ਨਵੇਂ ਵਿਚਾਰ ਜਾਂ ਦਰਸ਼ਨ ਦੀ ਆਮਦ ਦੇ ਨਾਲ ਨਵੀਂ ਭਾਸ਼ਾ-ਕਲਾ ਸਿਰਜਣ ਦੀ ਸੰਭਾਵਨਾ ਲਈ ਬੰਦੇ ਦੇ ਗਿਆਨ-ਚਿੰਤਨ ਦੀ ਇਕਾਰਗਰਤਾ ਜ਼ਰੂਰੀ ਹੈ। ਇਹ ਸਮਾਧੀ ਸਥੱਲ ਹੈ। ਇੱਥੋਂ ਹੀ ਧਿਆਨ ਦਾ ਸੋਪਾਨ ਆਰੰਭ ਹੁੰਦਾ ਹੈ। ਇਹ ਸਿਰਜਣਾ ਦੇ ਐਨ ਨਿੱਜੀ ਖਿਣਾਂ 'ਚ ਹੀ ਸੰਭਵ ਹੁੰਦਾ ਹੈ। ਪੂਰਬੀ ਤੇ ਪੱਛਮੀ ਗਿਆਨ ਪਰੰਪਰਾਵਾਂ ਇਨ੍ਹਾਂ ਸ਼ਾਹਿਨ ਖਿਣਾਂ ਦੀ ਹੀ ਉਪਜ ਨੇ।

ਉਨੀਵੀਂ ਸਦੀ 'ਚ ਪੱਛਮ 'ਚ ਉਦਯੋਗਿਕ ਇਨਕਲਾਬ ਤੋਂ ਬਾਅਦ ਪੂੰਜੀਵਾਦ ਤੇ ਸਮਾਜਵਾਦ ਦੋ ਮਹਾਬਿਰਤਾਂਤ ਪੈਦਾ ਹੋਏ। ਦੋਹਾਂ ਦਾ ਮੂਲ ਪੂੰਜੀ ਹੈ। ਇਨ੍ਹਾਂ ਦੋਨਾਂ ਹੀ 'ਚ ਬੰਦੇ ਦਾ ਇਕਾਂਤ ਤੇ ਨਿੱਜਤਵ ਬਾਧਿਤ ਹੋਇਆ ਹੈ। ਕਿਸੇ ਵੀ ਤਰ੍ਹਾਂ ਦੇ ਨਵੇਂ ਵਿਚਾਰਾਂ ਦੇ ਨਾਲ ਨਵੀਂ ਭਾਸ਼ਾ ਦੇ ਸਿਰਜਣ ਦੇ ਕੇਂਦਰ 'ਚ ਬੰਦਾ ਹੁੰਦਾ ਹੈ ਪਰ ਮਾੜਾ ਇਹ ਹੋਇਆ ਕਿ ਇਨ੍ਹਾਂ ਦੋਹਾਂ ਪੱਧਤੀਆਂ ਨਾਲ ਬੰਦਾ ਆਪਣੇ ਘੇਰੇ 'ਚ ਸਿਮਟਦਾ ਚਲਿਆ ਗਿਆ। ਬਾਜ਼ਾਰ ਨੇ ਉਸ ਨੂੰ ਜਿਨਸ ਅਤੇ ਸਮਾਜਵਾਦੀ ਵਿਵਸਥਾ ਨੇ ਉਸ ਨੂੰ ਭਾਵਨਾਸ਼ੂੰਨ ਕਰ ਦਿੱਤਾ। ਉਸ ਦੇ ਆਪਣੇਪਨ ਦਾ ਹਰਣ ਹੋ ਗਿਆ। ਬੰਦਾ, ਬੰਦਾ ਨਹੀਂ ਰਿਹਾ। ਅਜਿਹੀ ਸਥਿਤੀ 'ਚ ਨਵ-ਵਿਚਾਰਕੀ ਤੇ ਨਵੇਂ ਭਾਸ਼ਾ ਸਿਰਜਣ ਦਾ ਲੋਪ ਹੋਣਾ ਹੀ ਸੀ। ਬੰਦਾ ਜਾਂ ਤਾਂ ਭੀੜ ਦਾ ਹਿੱਸਾ ਹੋ ਗਿਆ ਜਾਂ ਘੋਰ ਉਪੇਖਿਆ ਦਾ ਸਰਾਪਿਆ।

ਪੂੰਜੀਵਾਦ ਤੇ ਸਮਾਜਵਾਦ ਨੇ ਇਕਾਤਮਿਕਤਾ ਨੂੰ ਸਥਾਪਿਤ ਕੀਤਾ ਹੈ। ਇਨ੍ਹਾਂ ਦੋਹਾਂ ਮਹਾਬਿਰਤਾਂਤਾਂ ਨੂੰ ਪੂੰਜੀ ਚਲਾਉਂਦੀ ਹੈ। ਇਨ੍ਹਾਂ ਨੇ ਅਜਿਹੀਆਂ ਸੰਸਥਾਵਾਂ ਤੇ ਸੰਰਚਨਾਵਾਂ ਉਸਾਰੀਆਂ ਨੇ ਜੋ ਮਨੁੱਖ ਦੇ ਹਰ ਪਹਿਲੂ ਨੂੰ ਸੱਤਾ ਦੁਆਲੇ ਕੇਂਦਰਿਤ ਕਰਦੀਆਂ ਨੇ। ਇਨ੍ਹਾਂ 'ਚ ਭਾਵਾਂ ਤੇ ਵਿਚਾਰਾਂ ਨੂੰ ਸਿਧਾਇਆ ਜਾਂਦਾ ਹੈ। ਪੂੰਜੀ ਕਿਵੇਂ ਪਸਰੀ ਹੋਈ ਹੈ? ਕਿਵੇਂ ਇਸ ਨੇ ਸਾਰੇ ਰਾਜਨੀਤਕ, ਆਰਿਥਕ ਤੇ ਨਿੱਜੀ ਰਿਸ਼ਤਿਆਂ ਨੂੰ ਨਿਯੰਤਰਿਤ ਕੀਤਾ ਹੈ? ਇਸ ਦੀ ਪਛਾਣ ਜ਼ਰੂਰੀ ਹੈ। ਨਫ਼ਾ/ਨਿਆਂ ਕੇਂਦਰਿਤ ਪੂੰਜੀ ਦੇ ਫੈਲਾਓ ਤੇ ਪਸਾਰੇ ਲਈ ਜੋ ਸੰਸਥਾਵਾਂ ਹੋਂਦ 'ਚ ਆਈਆਂ ਨੇ ਉਨ੍ਹਾਂ ਦੇ ਹਿੱਤ ਤੇ ਮੁਫ਼ਾਦ ਪਾਲਣ ਲਈ ਬੰਦੇ ਦੇ ਨਿੱਜ ਤੇ ਮੂਲ ਨੂੰ ਕਿਵੇਂ ਅਨੁਸ਼ਾਸਿਤ (ਇਸ ਦੀ ਚਰਚਾ ਮਿਸ਼ੈਲ ਫੂਕੋ ਨੇ ਆਪਣੀ ਕਿਤਾਬ 'ਡਿਸਿਪਲਿਨ ਐਂਡ ਪਨਿਸ਼ਮੈਂਟ' 'ਚ ਕੀਤਾ ਹੈ) ਕੀਤਾ ਜਾਂਦਾ ਹੈ, ਇਨ੍ਹਾਂ ਨੂੰ ਜ਼ਾਹਿਰਾਈ ਨਾਲ ਜਾਨਣਾ ਵੀ ਜ਼ਰੂਰੀ ਹੈ।

ਜੇਕਰ ਭੌਤਿਕ ਪ੍ਰਾਪਤੀ ਨੂੰ ਇੱਥੋਂ ਤਕ ਹੀ ਸੀਮਤ ਕਰ ਦਿੱਤਾ ਜਾਵੇ ਤਾਂ ਕੀ ਭੌਤਿਕ ਅਬਰਾਬਰੀ ਖ਼ਤਮ ਹੋਣ ਦੇ ਬਾਅਦ ਬਦਲਾਓ ਦੀ ਪ੍ਰਕਿਰਿਆ ਸਮਾਪਤ ਹੋ ਜਾਂਦੀ ਹੈ? ਤਬਦੀਲੀ ਦਾ ਕਰਮ ਤਾਂ ਬੰਦੇ ਦੇ ਹੋਣ, ਚੇਤਨਾ, ਆਤਮਾ ਤੇ ਮਨੁੱਖਤਾ ਦੇ ਹਰ ਪੱਧਰ 'ਤੇ ਚੱਲਦਾ ਹੈ। ਰਾਜਨੀਤੀ ਤੇ ਵਿਗਿਆਨ ਬੰਦੇ ਦੇ ਬਾਹਰੀ ਜੀਵਨ 'ਚ ਬਦਲਾਓ ਲਿਆਉਂਦੇ ਨੇ ਪਰ ਮਨੁੱਖ ਦੀ ਚੇਤਨਾ ਤੇ ਸੱਭਿਆਚਾਰ 'ਚ ਤਬਦੀਲੀ ਤਾਂ ਭਾਸ਼ਾ, ਕਲਾ, ਸਾਹਿਤ ਜਾਂ ਦਰਸ਼ਨ ਰਾਹੀਂ ਹੀ ਸੰਭਵ ਹੁੰਦੀ ਹੈ। ਇਸ ਦੇ ਬਿਨਾਂ ਰਾਜਨੀਤਕ ਜਾਂ ਸਮਾਜਿਕ ਪਰਿਵਰਤਨ ਸਥਾਈ ਤੇ ਚਿਰਜੀਵੀ ਨਹੀਂ ਹੁੰਦੇ। ਇਹੋ ਕਾਰਣ ਹੈ ਕਿ ਪਰਿਵਰਤਨ ਦੇ ਅਵਤਾਰਾਂ ਨੂੰ ਨਿਰਕੁੰਸ਼ ਤਾਨਾਸ਼ਾਹਾਂ 'ਚ ਬਦਲਣ 'ਚ ਦੇਰ ਨਹੀਂ ਲੱਗਦੀ। ਸਗੋਂ ਬਾਹਰੀ ਪਰਿਵਰਤਨ ਵੀ ਕਾਲਾਂਤਰ 'ਚ ਅਲਪਜੀਵੀ ਸਿੱਧ ਹੋਏ ਨੇ। ਸੱਤਾ ਦੇ ਇਨ੍ਹਾਂ ਕਿਰਦਾਰਾਂ ਦੇ ਬਾਹਰੀ ਵਿਚਾਰਾਂ 'ਚ ਵੱਖਰਤਾ ਤੇ ਵਿਰੋਧ ਦਿਖਾਈ ਦਿੰਦਾ ਹੈ ਪਰ ਅੰਦਰੋਂ ਦੋਹਾਂ ਦੀ ਪ੍ਰਵਿਰਤੀ ਇੱਕੋ ਜਿਹੀ ਹੁੰਦੀ ਹੈ। ਸੱਤਾ ਲਈ ਵਿਰੋਧ

ਜ਼ਿੰਕ ਅਤੇ ਰੇਸ਼ੇ ਵੀ ਹੱਡੀਆਂ ਦੀ ਮਜ਼ਬੂਤੀ 'ਚ ਸਹਾਇਕ

ਬਹੁਤ ਲੋਕ ਇਹੀ ਸੋਚਦੇ ਹਨ ਕਿ ਹੱਡੀਆਂ ਦਾ ਕਮਜ਼ੋਰ ਹੋਣਾ ਕੈਲਸ਼ੀਅਮ ਦੀ ਘਾਟ ਕਰਕੇ ਹੁੰਦਾ ਹੇ ਅਤੇ ਇਸ ਲਈ ਉਹ ਕੈਲਸ਼ੀਅਮ ਦੇ ਚੰਗੇ ਸਰੋਤਾਂ ਦੂੱਧ, ਪਨੀਰ ਅਤੇ ਖਮੀਰ ਆਦਿ ਦਾ ਸੇਵਨ ਕਰਦੇ ਹਨ ਪਰ ਨਵੀਆਂ ਖੋਜਾਂ ਤੋਂ ਪਤਾ ਲਗਾ ਹੈ ਕਿ ਕਈ ਹੋਰ ਤੱਤ ਵੀ ਹੱਡੀਆਂ ਨੂੰ ਮਜ਼ਬੂਤ ਬਣਾਉਣ 'ਚ ਮਹਤਵਪੂਰਨ ਭੂਮਿਕਾ ਨਿਭਾਉਂਦੇ ਹਨ। ਖੋਜਕਾਰਾਂ ਦੁਆਰਾ ਕੀਤੀ ਗਈ ਇਕ ਖੋਜ ਵਿਚ ਕੁਝ ਔਰਤਾਂ ਨੂੰ ਅਜਿਹਾ ਭੋਜਨ ਦਿੱਤਾ ਗਿਆ, ਜਿਸ ਵਿਚ ਜ਼ਿੰਕ, ਮੈਗਨੀਸ਼ੀਅਮ, ਪੋਟਾਸ਼ੀਅਮ, ਰੇਸ਼ਾ ਅਤੇ ਵਿਟਾਮਿਨ ਸੀ ਦੀ ਮਾਤਰਾ ਸੀ ਅਤੇ ਦੇਖਿਆ ਗਿਆ ਕਿ ਉਨ੍ਹਾਂ ਦੀਆਂ ਹੱਡੀਆਂ ਦਾ ਸੰਘਣਾਪਣ ਅਜਿਹੇ ਤੱਤ ਨਾ ਲੈਣ ਵਾਲੀਆਂ ਔਰਤਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸੀ। ਜੇ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੀਆਂ ਹੱਡੀਆਂ ਤੰਦਰੁਸਤ ਰਹਿਣ ਤਾਂ ਫਲ, ਹਰੀਆਂ ਸਬਜ਼ੀਆਂ, ਆਲੂ, ਮਟਰ, ਕੇਲਾ ਅਤੇ ਸਾਬਤ ਅਨਾਜ ਖਾਓ।

ਛਾਤੀ ਦੇ ਕੈਂਸਰ ਤੋਂ ਬਚਾਉਂਦੀ ਹੈ ਕਸਰਤ

ਕੈਲੀਫੋਰਨੀਆ : ਯੂਨੀਵਰਸਿਟੀ ਦੇ ਚਕਿੱਤਸਾ ਵਿਗਿਆਨੀਆਂ ਦਾ ਕਹਿਣਾ ਹੈ ਕਿ ਔਰਤਾਂ ਕਸਰਤ ਦੇ ਜ਼ਰੀਏ ਸਤਨ ਦੇ ਕੈਂਸਰ ਤੋਂ ਬਚ ਸਕਦੀਆਂ ਹਨ। ਉਨ੍ਹਾਂ ਦੇ ਟੈਸਟਾਂ ਅਨੁਸਾਰ ਜੋ ਔਰਤਾਂ ਆਪਣੇ ਪ੍ਰਸੂਤ ਕਾਲ ਵਿਚ ਹਰ ਹਫਤੇ ਚਾਰ ਜਾਂ ਇਸ ਤੋਂ ਵੱਧ ਘੰਟੇ ਕਸਰਤ ਕਰਦੀਆਂ ਹਨ, ਉਨ੍ਹਾਂ ਵਿਚ ਸਤਨ ਕੈਂਸਰ ਦੀ ਸੰਭਵਾਨਾ ਅੱਠ ਫੀਸਦੀ ਘੱਟ ਹੋ ਜਾਂਦੀ ਹੈ।

ਵਿਗਿਆਨੀਆਂ ਦੇ ਅਨੁਸਾਰ ਝੁਕ ਕੇ ਝਾੜੂ ਲਗਾਉਣ ਵਾਲੀਆਂ ਔਰਤਾਂ ਸਿਲਵੱਟੇ ਤੇ ਮਸਾਲਾ ਪੀਹਣ ਵਾਲੀਆਂ ਔਰਤਾਂ ਵਿਚ ਸਤਨ ਕੈਂਸਰ ਦਾ ਪ੍ਰਭਾਵ ਘੱਟ ਦੇਖਿਆ ਜਾਂਦਾ ਹੈ।

ਡ੍ਰਿੰਕ ਐਂਡ ਡਾਈਨ ਨਾਲ-ਨਾਲ ? ਨਾ ਬਾਬਾ

ਕੋਈ ਵੀ ਕੈਫੀਨੇਟਿਡ ਡ੍ਰਿੰਕ ਜਿਨ੍ਹਾਂ ਵਿਚ ਫਿਜ਼ੀ ਡ੍ਰਿੰਕ ਵੀ ਸ਼ਾਮਲ ਹਨ, ਸਾਡੇ ਸਰੀਰ ਵੱਲੋਂ ਆਇਰਨ ਨੂੰ ਸੋਖਣਾ ਔਖਾ ਬਣਾ ਦਿੰਦਾ ਹੈ। ਚਾਹ ਅਤੇ ਕੌਫੀ ਆਇਰਨ ਦਾ ਸੋਖਣਾ 50 ਫੀਸਦੀ ਤੱਕ ਘਟਾ ਦਿੰਦੇ ਹਨ। ਕੈਫੀਨੇਟਿਡ ਡ੍ਰਿੰਕ ਸਰੀਰ ਵੱਲੋਂ ਕੈਲਸ਼ੀਅਮ ਅਤੇ ਜ਼ਿੰਕ ਨੂੰ ਸੋਖਣ ਨੂੰ ਪ੍ਰਭਾਵਿਤ ਕਰਦੇ ਹਨ। ਕੈਲਸ਼ੀਅਮ ਦੀ ਲੋੜ ਤੰਦਰੁਸਤ ਦੰਦਾਂ ਅਤੇ ਹੱਡੀਆਂ, ਖੂਨ ਦੀਆਂ ਗਿਲਟੀਆਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਹੁੰਦੀ ਹੈ।

ਖਾਣ ਦੇ ਨਾਲ-ਨਾਲ ਤੁਹਾਡੇ ਵੱਲੋਂ ਕੋਈ ਡ੍ਰਿੰਕ ਪੀਣ ਨਾਲ ਫਾਇਦੇ ਦੀ ਥਾਂ 'ਤੇ ਨੁਕਸਾਨ ਜ਼ਿਆਦਾ ਹੋ ਸਕਦਾ ਹੈ। ਤੁਹਾਡੇ ਰੁਟੀਨ ਦੇ ਡ੍ਰਿੰਕ ਜਿਵੇਂ ਕਿ ਚਾਹ, ਕੌਫੀ ਅਤੇ ਦੂੱਧ ਤੁਹਾਡੇ ਸਰੀਰ ਵੱਲੋਂ ਆਇਰਨ ਨੂੰ ਸੋਖਣ ਦੀ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਕਰਦੇ ਹਨ। ਆਇਰਨ ਭਾਵ ਲੋਹਾ ਔਰਤਾਂ ਲਈ ਬੇਹੱਦ ਅਹਿਮ ਹੈ ਕਿਉਂਕਿ ਮਾਹਵਾਰੀ ਕਾਰਨ ਉਹ ਮਰਦਾਂ ਦੇ ਮੁਕਾਬਲੇ ਘੱਟੋ-ਘੱਟ 50 ਫੀਸਦੀ ਜ਼ਿਆਦਾ ਆਇਰਨ ਗੁਆਉਂਦੀਆਂ ਹਨ ਜਿਸ ਦੇ ਨਤੀਜੇ ਵਜੋਂ ਐਨੀਮੀਆ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ ਇਸ ਦੇ ਲੱਛਣਾਂ ਵਿਚ ਥਕਾਵਟ, ਸਾਹ ਲੈਣ, ਪ੍ਰੇਸ਼ਾਨੀ, ਪੀਲਾਪਣ ਜਾਂ ਇਨਫੈਕਸ਼ਨਾਂ ਅਤੇ ਰੋਗਾਣੂਆਂ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਣਾ ਆਦਿ ਸ਼ਾਮਲ ਹਨ। ਇਸ ਦੇ ਸ਼ਿਕਾਰ ਆਮ ਤੌਰ 'ਤੇ ਥਕਾਵਟ ਮਹਿਸੂਸ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਮੁੱਖ ਅੰਗਾਂ ਤੱਕ ਆਕਸੀਜਨ ਘੱਟ ਪਹੁੰਚਦੀ ਹੈ।

ਚਾਹ ਅਤੇ ਕੌਫੀ

ਕੋਈ ਵੀ ਕੈਫੀਨੇਟਿਡ ਡ੍ਰਿੰਕ ਜਿਨ੍ਹਾਂ ਵਿਚ ਫਿਜ਼ੀ ਡ੍ਰਿੰਕ ਵੀ ਸ਼ਾਮਲ ਹਨ, ਸਾਡੇ ਸਰੀਰ ਵੱਲੋਂ ਆਇਰਨ ਨੂੰ ਸੋਖਣਾ ਔਖਾ ਬਣਾ ਦਿੰਦਾ ਹੈ। ਚਾਹ ਅਤੇ ਕੌਫੀ ਆਇਰਨ ਦਾ ਸੋਖਣਾ 50 ਫੀਸਦੀ ਤੱਕ ਘਟਾ ਦਿੰਦੇ ਹਨ। ਕੈਫੀਨੇਟਿਡ ਡ੍ਰਿੰਕ ਸਰੀਰ ਵੱਲੋਂ ਕੈਲਸ਼ੀਅਮ ਅਤੇ ਜ਼ਿੰਕ ਨੂੰ ਸੋਖਣ ਨੂੰ ਪ੍ਰਭਾਵਿਤ ਕਰਦੇ ਹਨ। ਕੈਲਸ਼ੀਅਮ ਦੀ ਲੋੜ ਤੰਦਰੁਸਤ ਦੰਦਾਂ ਅਤੇ ਹੱਡੀਆਂ, ਖੂਨ ਦੀਆਂ ਗਿਲਟੀਆਂ ਅਤੇ ਮਾਸਪੇਸ਼ੀਆਂ ਦੀ ਮਜ਼ਬੂਤੀ ਲਈ ਹੁੰਦੀ ਹੈ। ਇਸ ਦੀ ਕਮੀ ਨਰਮ ਅਤੇ ਭੁਰਭੁਰੀਆਂ ਹੱਡੀਆਂ, ਆਸਟਿਓਪੋਰੋਸਿਸ, ਫ੍ਰੈਕਚਰਾਂ, ਪਿੱਠ ਦਰਦ ਆਦਿ ਕਮਜ਼ੋਰੀ ਵਜੋਂ ਸਾਹਮਣੇ ਆਉਂਦੀ ਹੈ। ਕੈਲਸ਼ੀਅਮ ਡੇਅਰੀ ਉਤਪਾਦਾਂ, ਦੂੱਧ, ਦਹੀਂ, ਸਾਲਮਨ ਅਤੇ ਸਾਰਡੀਨਸ ਵਰਗੇ ਭੋਜਨਾਂ ਵਿਚ ਪਾਇਆ ਜਾਂਦਾ ਹੈ।

ਕਦੋਂ ਪੀਣੀ ਚਾਹੀਦੀ ਹੈ

ਸਭ ਤੋਂ ਚੰਗੀ ਗੱਲ ਤਾਂ ਇਹੀ ਹੋਵੇਗੀ ਕਿ ਚਾਹ ਜਾਂ ਕੌਫੀ ਸੰਜਮ ਨਾਲ ਹੀ ਪੀਓ ਪਰ ਜੇ ਤੁਸੀਂ ਪੀਣੀ ਹੀ ਹੈ ਤਾਂ ਖਾਣੇ ਤੋਂ ਘੱਟੋ-ਘੱਟ ਇਕ ਘੰਟਾ ਪਹਿਲਾਂ ਅਤੇ ਇਕ ਘੰਟੇ ਬਾਅਦ ਪੀਓ ਤਾਂ ਕਿ ਇਹ ਆਇਰਨ, ਕੈਲਸ਼ੀਅਮ ਅਤੇ ਜ਼ਿੰਕ ਵਰਗੇ ਖਣਿਜਾਂ ਦੇ ਪੈਦਾ ਹੋਣ ਵਿਚ ਰੁਕਾਵਟ ਨਾ ਪਾ ਸਕੇ।

ਦੂੱਧ : ਦੂੱਧ ਵਿਚ ਪਹਿਲਾਂ ਹੀ ਕੁਝ ਆਇਰਨ ਹੁੰਦਾ ਹੈ ਪਰ ਬਹੁਤਾ ਨਹੀਂ। ਮੁੱਖ ਰੂਪ ਵਿਚ ਦੂੱਧ ਅਤੇ ਹੋਰ ਡੇਅਰੀ ਉਤਪਾਦਾਂ ਵਿਚ ਕੈਲਸ਼ੀਅਮ ਅਤੇ ਫਾਸਫੋਟ ਹੁੰਦੇ ਹਨ ਜੋ ਆਇਰਨ ਸੋਖਣ ਨੂੰ ਘੱਟ ਕਰਦੇ ਹਨ ਅਤੇ ਇਹੀ ਕਾਰਨ ਹੈ ਕਿ ਖਾਣੇ ਦੇ ਨਾਲ ਦੂੱਧ ਪੀਣ ਤੋਂ ਪਰਹੇਜ਼ ਕਰੋ। ਬਿਹਤਰ ਹੋਵੇਗਾ ਕਿ ਖਾਣੇ ਦੇ ਨਾਲ ਦੂੱਧ ਵਾਲੀ ਚਾਹ ਜਾਂ ਕੌਫੀ ਵੀ ਨਾ ਪੀਓ ਕਿਉਂਕਿ ਦੂੱਧ ਅਤੇ ਕੈਫੀਨੇਟਿਡ ਡ੍ਰਿੰਕ ਦੋਵੇਂ ਹੀ ਸਰੀਰ ਵਿਚਲੇ ਆਇਰਨ ਦੀ ਮਾਤਰਾ ਨੂੰ ਘਟਾਉਂਦੇ ਹਨ। ਇਸ ਲਈ ਖਾਣ ਵੇਲੇ ਇਨ੍ਹਾਂ ਦੋਵਾਂ ਨੂੰ ਨਾ ਮਿਲਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਸ ਨੂੰ ਕਦੋਂ ਪੀਣਾ ਚਾਹੀਦੈ

ਜਿਥੋਂ ਤੱਕ ਕੈਫੀਨੇਟਿਡ ਡ੍ਰਿੰਕਸ ਦੇ ਨਾਲ ਪੀਣ ਦਾ ਮਾਮਲਾ ਹੈ, ਇਸ ਨੂੰ ਅਜਿਹੇ ਭੋਜਨ ਤੋਂ ਘੱਟੋ ਘੱਟ ਇਕ ਘੰਟਾ ਪਹਿਲਾਂ ਜਾਂ ਬਾਅਦ ਵਿਚ ਪੀਓ, ਜਿਨ੍ਹਾਂ ਵਿਚ ਆਇਰਨ ਹੁੰਦਾ ਹੈ। ਜੇਕਰ ਖਾਣੇ ਵਿਚ ਕੈਲਸ਼ੀਅਮ ਹੈ ਪਰ ਆਇਰਨ ਨਹੀਂ ਤਾਂ ਇਸ ਨੂੰ ਭੋਜਨ ਦੇ ਨਾਲ ਪੀਣਾ ਠੀਕ ਰਹੇਗਾ ਕਿਉਂਕਿ ਇਹ ਕੈਲਸ਼ੀਅਮ ਵਧਾਉਂਦਾ ਹੈ।

ਓਰੇਂਜ ਜੂਸ : ਖਾਣੇ ਸਮੇਂ ਕੋਈ ਵੀ ਵਿਟਾਮਿਨ ਸੀ ਯੁਕਤ ਡ੍ਰਿੰਕ ਪੀਣਾ ਆਇਰਨ ਸੋਖਣ ਵਿਚ ਲਾਭਕਾਰੀ ਹੋਵੇਗਾ। ਵਿਟਾਮਿਨ ਸੀ ਮੌਜੂਦ ਐਸਕਾਰਬਿਕ ਐਸਿਡ ਆਇਰਨ ਸੋਖਣ ਦੀ ਸਮਰੱਥਾ ਨੂੰ ਵਧਾਉਂਦਾ ਹੈ।

ਇਹ ਅਹਿਮ ਹੋਵੇਗਾ ਕਿ ਆਇਰਨ ਅਤੇ ਵਿਟਾਮਿਨ ਸੀ ਨੂੰ ਇਕੱਠੇ ਕਰ ਲਿਆ ਜਾਵੇ ਇਸ ਲਈ ਜਦੋਂ ਤੁਸੀਂ ਲੋਹੇ ਦੀ ਵਧੇਰੇ ਮਾਤਰਾ ਖਪਤ ਕਰਦੇ ਹੋ ਤਾਂ ਖਾਣੇ ਨਾਲ ਸੰਤਰੇ ਦਾ ਜੂਸ ਪੀਓ। ਵਿਟਾਮਿਨ ਸੀ ਇਕ ਐਂਟੀ ਆਕਸੀਡੈਂਟ ਹੈ ਅਤੇ ਪ੍ਰਤੀਰੱਖਿਆ ਪ੍ਰਣਾਲੀ ਨੂੰ ਤੰਦਰੁਸਤ ਰੱਖਣ ਲਈ ਬੇਹੱਦ ਜ਼ਰੂਰੀ ਹੁੰਦਾ ਹੈ।

ਡ੍ਰਿੰਕਸ ਦੇ ਨਾਲ-ਨਾਲ ਆਪਣੇ ਖਾਣੇ ਵਿਚ ਅਜਿਹੇ ਖਣਿਜ ਪਦਾਰਥ ਵੀ ਸ਼ਾਮਲ ਕਰ ਸਕਦੇ ਹੋ ਜਿਨ੍ਹਾਂ ਵਿਚ ਵਿਟਾਮਿਨ ਸੀ ਕਾਫੀ ਮਾਤਰਾ ਵਿਚ ਹੋਵੇ। ਭੋਜਨ ਵਿਚ ਤਾਜ਼ਾ ਹਰਾ ਸਲਾਦ ਸ਼ਾਮਲ ਕਰੋ ਕਿਉਂਕਿ ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਆਇਰਨ ਬਹੁਤ ਮਾਤਰਾ ਵਿਚ ਹੁੰਦਾ ਹੈ ਪਰ ਇਨ੍ਹਾਂ ਵਿਚ ਵੀ ਸਭ ਤੋਂ ਚੰਗੀ ਹੁੰਦੀ ਹੈ ਫੁੱਲਗੋਭੀ ਕਿਉਂਕਿ ਇਹ ਆਇਰਨ ਸੋਖਣ ਦੀ ਸਮਰੱਥਾ ਨੂੰ ਤਿੰਨ ਗੁਣਾ ਤੱਕ ਵਧਾ ਦਿੰਦੀ ਹੈ।

ਕਦੋਂ ਪੀਣਾ ਚਾਹੀਦੈ, ਜਦੋਂ ਵੀ ਖਾਣਾ ਖਾਓ।

ਅਲਕੋਹਲ : ਇਸ ਦੇ ਪਿੱਛੇ ਇਕ ਬਹੁਤ ਵਧੀਆ ਕਾਰਨ ਹੈ ਕਿ ਫ੍ਰਾਂਸੀਸੀ ਆਪਣੇ ਭੋਜਨ ਦੇ ਨਾਲ ਵਾਈਨ ਕਿਉਂ ਪੀਂਦੇ ਹਨ। ਇਹ ਆਇਰਨ ਸੋਖਣ ਵਿਚ ਮਦਦ ਕਰਦੀ ਹੈ ਅਤੇ ਖੁਦ ਇਸ ਵਿਚ ਵੀ ਆਇਰਨ ਹੁੰਦਾ ਹੈ। ਆਖਿਰ ਵਾਈਨ ਪੀਣ ਦਾ ਚੰਗਾ ਬਹਾਨਾ ਹੈ। ਆਮ ਤੌਰ 'ਤੇ ਗੱਲ ਕਰੀਏ ਤਾਂ ਵਧੀਆ ਇਹੀ ਹੋਵੇਗਾ ਕਿ ਖਾਣੇ ਦੇ ਨਾਲ ਅਲਕੋਹਲ ਨਾ ਲਓ। ਇਸ ਵਿਚ ਕੋਈ ਵਿਟਾਮਿਨ ਜਾਂ ਖਣਿਜ ਨਹੀਂ ਹੁੰਦੇ ਅਤੇ ਇਕ ਲੰਬੇ ਸਮੇਂ ਪਿੱਛੋਂ ਇਹ ਸਰੀਰ ਵਿਚੋਂ ਵਿਟਾਮਿਨ ਘਟਾਉਣ ਲੱਗਦੀ ਹੈ ਖਾਸ ਕਰ ਵਿਟਾਮਿਨ ਬੀ ਨੂੰ। ਅਲਕੋਹਲ ਵਿਟਾਮਿਨ 'ਬੀ-6' ਨੂੰ ਇਸ ਦੇ ਸੁਰੱਖਿਆਤਮਕ ਪ੍ਰੋਟੀਨ ਨਾਲੋਂ ਵੱਖ ਕਰ ਦਿੰਦੀ ਹੈ ਜਿਸ ਕਾਰਨ ਇਹ ਨਸ਼ਟ ਹੋ ਜਾਂਦਾ ਹੈ। ਸਿੱਧੇ ਤੌਰ 'ਤੇ ਇਹ ਵਿਟਾਮਿਨ ਬੀ 12 ਦੇ ਅੰਤੜੀ ਤੋਂ ਖੂਨ ਵਿਚ ਸੋਖਣ ਨੂੰ ਰੋਕਦਾ ਹੈ।

ਕਸਰਤ ਤੋਂ ਪਹਿਲਾਂ ਕੁਝ ਸਾਵਧਾਨੀਆਂ

ਕਸਰਤ ਕਰਨਾ ਕਿਸੇ ਵੀ ਉਮਰ ਵਿਚ ਲਾਭਦਾਇਕ ਹੁੰਦਾ ਹੈ। ਕਸਰਤ ਲਈ ਕੋਈ ਉਮਰ ਨਿਸ਼ਚਿਤ ਨਹੀਂ ਹੁੰਦੀ। ਕਸਰਤ ਸਰੀਰ ਨੂੰ ਚੁਸਤੀ ਦਿੰਦੀ ਹੈ। ਇਹ ਸਰੀਰ ਦੀ ਸਮਰੱਥਾ ਨੂੰ ਵਧਾਉਂਦੀ ਹੈ ਅਤੇ ਫਾਲਤੂ ਚਰਬੀ 'ਤੇ ਕਾਬੂ ਪਾਉਂਦੀ ਹੈ। ਕਸਰਤ ਪਤਲੇ ਲੋਕਾਂ ਨੂੰ ਚੁਸਤੀ ਪ੍ਰਦਾਨ ਕਰਦੀ ਹੈ ਅਤੇ ਮੋਟੇ ਲੋਕਾਂ ਨੂੰ 'ਫਿੱਗਰ' ਠੀਕ ਕਰਨ ਵਿਚ ਮਦਦ ਕਰਦੀ ਹੈ ਤੇ ਚੁਸਤ ਰੱਖਦੀ ਹੈ। ਜੇਕਰ ਪਹਿਲੀ ਵਾਰ ਕਸਰਤ ਸ਼ੁਰੂ ਕਰਨ ਜਾ ਰਹੇ ਹੋ ਤਾਂ ਡਾਕਟਰ ਤੋਂ ਸਰੀਰਕ ਜਾਂਚ ਕਰਵਾ ਲਓ ਅਤੇ ਸ਼ੁਰੂ ਵਿਚ ਕਿਸੇ ਮਾਹਿਰ ਦੀ ਹਾਜ਼ਰੀ ਵਿਚ ਕਸਰਤ ਕਰੋ। ਗਲਤ ਤਰੀਕੇ ਨਾਲ ਕੀਤੀ ਗਈ ਕਸਰਤ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਯੋਗਾ ਵੀ ਕਿਸੇ ਮਾਹਿਰ ਦੀ ਹਾਜ਼ਰੀ ਵਿਚ ਹੀ ਕਰੋ। ਹੁਣ ਤੁਸੀਂ ਅਤੇ ਤੁਹਾਡੇ ਅਧਿਆਪਕ ਨੂੰ ਸੰਤੁਸ਼ਟੀ ਹੋ ਜਾਵੇ ਕਿ ਤੁਸੀਂ ਸਹੀ ਕਸਰਤ ਕਰ ਰਹੇ ਹੋ। ਉਸ ਤੋਂ ਬਾਅਦ ਇਕੱਲੇ ਨਿਯਮਤ ਰੂਪ ਨਾਲ ਕਸਰਤ ਕਰੋ। ਸ਼ੁਰੂ ਵਿਚ ਕਿਸੇ ਕੰਮ ਨੂੰ ਰੁਟੀਨ ਵਿਚ ਲਿਆਉਂਦੇ ਸਮੇਂ ਕੁਝ ਮੁਸ਼ਕਿਲਾਂ ਆਉਂਦੀਆਂ ਹਨ, ਜਿਵੇਂ ਕਸਰਤ ਦੇ ਲਈ ਉਚਿਤ ਸਮਾਂ ਕੱਢਣਾ, ਸਵੇਰੇ ਜਲਦੀ ਉੱਠਣਾ, ਸ਼ੁਰੂ ਵਿਚ ਕਸਰਤ ਦੇ ਬਾਅਦ ਸਰੀਰਕ ਦਰਦ ਨੂੰ ਸਹਿਣਾ ਆਦਿ। ਕੋਸ਼ਿਸ਼ ਕਰੋ ਕਿ ਘੱਟ ਤੋਂ ਵੱਧ ਵੱਲ ਨੂੰ ਹੌਲੀ-ਹੌਲੀ ਵਧੋ। ਸਰੀਰ ਨੂੰ ਨਵੀਆਂ ਆਦਤਾਂ ਦਾ ਆਦੀ ਬਣਨ ਦਿਉ। ਆਪਣੀ ਸਮਰੱਥਾ ਤੋਂ ਵੱਧ ਕਰਨ ਦਾ ਯਤਨ ਨਾ ਕਰੋ। ਕਸਰਤ ਕਰਦੇ ਹੋਏ ਆਪਣੇ ਸਰੀਰ ਦੇ ਅੰਗਾਂ ਨੂੰ ਸਿੱਧਾ ਰੱਖਦੇ ਹੋਏ ਜਿੰਨਾ ਖਿੱਚ ਸਕਦੇ ਹੋ, ਖਿੱਚੋ। ਜਿਵੇਂ ਹੀ ਕਿਸੇ ਅੰਗ ਵਿਚ ਦਰਦ ਮਹਿਸੂਸ ਹੋਵੇ, ਉਸ ਨੂੰ ਹੋਰ ਅੱਗੇ ਨਾ ਵਧਾਓ। ਉਸ ਕਸਰਤ ਨੂੰ ਰੋਕ ਦਿਉ। ਕਸਰਤ ਕਰਦੇ ਸਮੇਂ ਕਸਰਤ ਨੂੰ ਬੋਝ ਸਮਝ ਕੇ ਨਾ ਕਰੋ। ਤਣਾਅਮੁਕਤ ਤੇ ਖੁਸ਼ਦਿਲ ਕਸਰਤ ਕਰੋ। ਕਸਰਤ ਕਰਨ ਵੇਲੇ ਪੂਰਾ ਧਿਆਨ ਕਸਰਤ ਵੱਲ ਲਗਾਓ। ਕਸਰਤ ਸਦਾ ਖੁੱਲ੍ਹੀ ਥਾਂ 'ਤੇ ਕਰੋ, ਜਿਥੇ ਤਾਜ਼ੀ ਹਵਾ ਤੇ ਕੁਦਰਤੀ ਰੌਸ਼ਨੀ ਮਿਲ ਸਕੇ। ਇਹ ਧਿਆਨ ਰੱਖੋ ਕਿ ਜਦੋਂ ਵੀ ਕਸਰਤ ਕਰੋ, ਉਸ ਤੋਂ ਪਹਿਲਾਂ ਤਿੰਨ ਘੰਟੇ ਤੱਕ ਕੁਝ ਠੋਸ ਨਾ ਖਾਓ। ਕਸਰਤ ਕਰਦੇ ਸਮੇਂ ਤੰਗ ਕੱਪੜੇ ਨਾ ਪਹਿਨੋ। ਅਜਿਹੇ ਵਸਤਰ ਹੀ ਪਹਿਨੋ, ਜਿਨ੍ਹਾਂ ਨੂੰ ਪਹਿਨ ਕੇ ਕਸਰਤ ਦੌਰਾਨ ਸਰੀਰ ਨੂੰ ਲੋੜ ਮੁਤਾਬਿਕ ਘੁਮਾ ਸਕੋ।

ਸ਼ੁਰੂ-ਸ਼ੁਰੂ ਵਿਚ ਹਲਕੀ ਕਸਰਤ ਕਰੋ, ਜਿਸ ਨਾਲ ਸਰੀਰ ਵਾਰਮ-ਅਪ ਹੋ ਜਾਵੇ। ਯੋਗਾ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਸੂਖਮ ਕਿਰਿਆਵਾਂ ਤੇ ਸਟਰੈਚਿੰਗ ਕਰੋ ਤਾਂ ਕਿ ਸਰੀਰ ਕਸਰਤ ਲਈ ਤਿਆਰ ਹੋ ਜਾਵੇ। ਕਸਰਤ ਆਪਣੀ ਸਮਰੱਥਾ ਅਨੁਸਾਰ ਹੀ ਕਰੋ। ਸਮਰੱਥਾ ਤੋਂ ਵੱਧ ਕਸਰਤ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ।

-ਨੀਤੂ ਗੁਪਤਾ

ਬਲੱਡ ਪ੍ਰੈਸ਼ਰ ਰੋਗੀਆਂ ਲਈ ਚੰਗਾ ਹੈ ਮੈਡੀਟੇਸ਼ਨ

ਨਵੀਆਂ ਖੋਜਾਂ ਦੇ ਅਨੁਸਾਰ ਮੈਡੀਟੇਸ਼ਨ ਅਤੇ ਕਿਸੇ ਮੰਤਰ ਦਾ ਜਾਪ ਕਰਨ ਨਾਲ ਨਾ ਸਿਰਫ ਆਤਮਾ ਨੂੰ ਸ਼ਾਂਤੀ ਮਿਲਦੀ ਹੈ ਸਗੋਂ ਦਿਲ ਦੇ ਰੋਗਾਂ ਦੀ ਸੰਭਾਵਨਾ ਵੀ ਘੱਟ ਹੁੰਦੀ ਹੈ। ਇਕ ਖੋਜ ਵਿਚ 60 ਵਿਅਕਤੀਆਂ ਨੇ ਮੈਡੀਟੇਸ਼ਨ ਕੀਤਾ ਅਤੇ ਦੇਖਿਆ ਕਿ ਕੁਝ ਮਹੀਨਿਆਂ ਤੱਕ ਉਨ੍ਹਾਂ ਦੀਆਂ ਨਾੜੀਆਂ ਵਿਚ ਖੂਨ ਦਾ ਵੇਗ ਚੰਗਾ ਰਿਹਾ। ਮਹਾਂਰਿਸ਼ੀ ਯੂਨੀਵਰਸਿਟੀ ਦੇ ਮਾਹਿਰ ਐਂਪੋਰੋ ਕੈਸਿਟੀਲੋ ਰਿਚਮੰਡ ਦੇ ਅਨੁਸਾਰ ਮੈਡੀਟੇਸ਼ਨ ਤਣਾਅ ਨੂੰ ਘੱਟ ਕਰਦਾ ਹੈ ਜਿਸ ਕਰਕੇ ਬਲੱਡ ਪ੍ਰੈਸ਼ਰ ਨਾਰਮਲ ਰਹਿੰਦਾ ਹੈ ਅਤੇ ਖੂਨ ਦੀਆਂ ਨਾੜੀਆਂ ਸਹੀ ਢੰਗ ਨਾਲ ਕਾਰਜ ਕਰਦੀਆਂ ਹਨ। ਇਸ ਨਾਲ ਦਿਲ ਦੇ ਰੋਗੀਆਂ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਰੋਗੀਆਂ ਨੂੰ ਕਾਫੀ ਲਾਭ ਹੋਇਆ ਹੈ। ਰਿਸ਼ੀਆਂ-ਮੁੰਨੀਆਂ ਅਤੇ ਸਾਧੂਆਂ ਨੂੰ ਮੈਡੀਟੇਸ਼ਨ ਦੀ ਇਸ ਸ਼ਕਤੀ ਦਾ ਗਿਆਨ ਸੀ। ਇਸ ਲਈ ਉਹ ਜਾਪ 'ਤੇ ਜ਼ੋਰ ਦਿੰਦੇ ਸਨ। ਹੁਣ ਆਧੁਨਿਕ ਵਿਗਿਆਨੀਆਂ ਨੇ ਵੀ ਮੈਡੀਟੇਸ਼ਨ ਦੀ ਮਹਿਮਾ ਨੂੰ ਜਾਣ ਲਿਆ ਹੈ।

ਦਿਮਾਗੀ ਰੋਗ-ਉਦਾਸੀਪਣ

ਅਸੀਂ ਸਭ ਕਿਸੇ ਨਾ ਕਿਸੇ ਕਾਰਨ ਕੁਝ ਸਮੇਂ ਵਾਸਤੇ ਉਦਾਸ ਤਾਂ ਹੁੰਦੇ ਹੀ ਹਾਂ ਪਰ ਜੇਕਰ ਸਾਨੂੰ ਇਹ ਉਦਾਸੀ ਸਦਾ ਲਈ ਰਹਿਣੀ ਸ਼ੁਰੂ ਹੋ ਜਾਂਦੀ ਹੈ ਤਾਂ ਸਮਝੋ ਇਹ ਦਿਮਾਗੀ ਰੋਗ ਉਦਾਸੀਪਣ ਹੈ। ਉਦਾਸੀਪਣ ਦੀ ਸਭ ਤੋਂ ਵਧੇਰੇ ਖਤਰਨਾਕ ਗੱਲ ਇਹ ਹੈ ਕਿ ਜੇਕਰ ਇਸ ਦਾ ਇਲਾਜ ਸਮੇਂ ਸਿਰ ਨਾ ਕੀਤਾ ਜਾਵੇ ਤਾਂ ਇਸ ਦਾ ਅੰਤ ਆਤਮ-ਹੱਤਿਆ 'ਚ ਹੁੰਦਾ ਹੈ।

ਸੋਚ 'ਚ ਅੰਤਰ : * ਹਰੇਕ ਗੱਲ ਬਾਰੇ ਹੱਦ ਤੋਂ ਵੱਧ ਠੀਕ ਜਾਂ ਗ਼ਲਤ ਸੋਚਣਾ 'ਚ ਕੋਈ ਇਕ ਵੀ ਗਲਤੀ ਹੋਣ 'ਤੇ ਇੰਜ ਪ੍ਰਤੀਤ ਹੋਣਾ ਕਿ ਹੁਣ ਜ਼ਿੰਦਗੀ 'ਚ ਮੇਰੇ ਕ

ਸੰਪਾਦਕੀ

ਬਿਸ਼ਕੇਕ ਦੇ ਹਾਲਾਤ

ਕਿਰਗਿਜ਼ਸਤਾਨ ਦੀ ਰਾਜਧਾਨੀ ਬਿਸ਼ਕੇਕ ਵਿੱਚ ਕਾਫ਼ੀ ਸੰਖਿਆ ਵਿੱਚ ਭਾਰਤੀ ਵਿਦਿਆਰਥੀ ਖ਼ਾਸਕਰ ਮੈਡੀਕਲ ਵਿਦਿਆਰਥੀ ਘਿਰੇ ਹੋਏ ਹਨ ਅਤੇ ਇਸ ਸੰਕਟ ਵੱਲ ਫ਼ੌਰੀ ਧਿਆਨ ਦੇਣ ਅਤੇ ਕਾਰਵਾਈ ਕਰਨ ਦੀ ਲੋੜ ਹੈ। ਉੱਥੇ ਵਿਦੇਸ਼ੀ ਨਾਗਰਿਕਾਂ ਖਿ ?ਲਾਫ਼ ਅਚਨਚੇਤ ਹੀ ਹਜੂਮੀ ਹਿੰਸਾ ਦੇਖਣ ਨੂੰ ਮਿਲ ਰਹੀ ਹੈ ਜਿਸ ਕਰ ਕੇ 15 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਬੁਰੀ ਸਥਿਤੀ ਵਿੱਚ ਦੱਸੇ ਜਾਂਦੇ ਹਨ। ਇਨ੍ਹਾਂ ਵਿੱਚ ਕਰੀਬ ਦੋ ਹਜ਼ਾਰ ਵਿਦਿਆਰਥੀ ਪੰਜਾਬ ਅਤੇ ਹਰਿਆਣਾ ਨਾਲ ਸਬੰਧਿਤ ਹਨ। ਰਿਪੋਰਟਾਂ ਆਈਆਂ ਹਨ ਕਿ ਕੁਝ ਵਿਦਿਆਰਥੀ ਤਾਂ ਚਾਹ ਪੀ ਕੇ ਅਤੇ ਖੀਰੇ ਖਾ ਕੇ ਦਿਨ ਕੱਟ ਰਹੇ ਹਨ। ਜਦੋਂ ਉਹ ਖਾਣ-ਪੀਣ ਦਾ ਸਾਮਾਨ ਲੈਣ ਲਈ ਬਾਜ਼ਾਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਹਜੂਮੀ ਹਿੰਸਾ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉੱਥੋਂ ਦੇ ਹਾਲਾਤ ਕਿੰਨੇ ਵਿਗੜ ਚੁੱਕੇ ਹੋਣਗੇ। ਬਿਸ਼ਕੇਕ ਵਿੱਚ ਕੁਝ ਕੌਮਾਂਤਰੀ ਵਿਦਿਆਰਥੀਆਂ ਨੂੰ ਹਮਲਿਆਂ ਅਤੇ ਪ੍ਰੇਸ਼ਾਨੀ ਦੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਦੇ ਮੱਦੇਨਜ਼ਰ ਵਿਦਿਆਰਥੀਆਂ ਅੰਦਰ ਸਹਿਮ ਫੈਲ ਗਿਆ ਹੈ। ਇਸੇ ਦੌਰਾਨ ਮਕਾਨ ਮਾਲਕਾਂ ਵੱਲੋਂ ਮਨਮਰਜ਼ੀ ਦੇ ਕਿਰਾਏ ਦੀ ਮੰਗ ਵੀ ਕੀਤੀ ਜਾ ਰਹੀ ਹੈ ਜਦੋਂਕਿ ਜ਼ਰੂਰੀ ਸਹੂਲਤਾਂ ਮੁਹੱਈਆ ਕਰਾਉਣ ਤੋਂ ਅਸਮੱਰਥਾ ਜ਼ਾਹਿਰ ਕੀਤੀ ਜਾ ਰਹੀ ਹੈ।ਬਿਸ਼ਕੇਕ ਵਿੱਚ ਭਾਰਤੀ ਦੂਤਾਵਾਸ ਅਤੇ ਕਿਰਗਿਜ਼ਸਤਾਨ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਹਾਲਾਤ ਆਮ ਵਰਗੇ ਹੋ ਗਏ ਹਨ ਪਰ ਵਿਦਿਆਰਥੀਆਂ ਨੂੰ ਜਿਹੋ ਜਿਹੇ ਹਾਲਾਤ ਵਿੱਚੋਂ ਲੰਘਣਾ ਪਿਆ ਹੈ, ਉਸ ਦੇ ਪੇਸ਼ੇਨਜ਼ਰ ਇਹ ਦਾਅਵੇ ਖੋਖਲੇ ਜਾਪ ਰਹੇ ਹਨ। ਸੋਸ਼ਲ ਮੀਡੀਆ 'ਤੇ ਜਿਸ ਕਿਸਮ ਦੀਆਂ ਵੀਡੀਓਜ਼ ਅਤੇ ਅਰਜੋਈਆਂ ਵਾਇਰਲ ਹੋਈਆਂ ਹਨ, ਉਹ ਸਰਕਾਰ ਦੇ ਦਾਅਵਿਆਂ ਤੋਂ ਵੱਖਰੀ ਸਥਿਤੀ ਬਿਆਨ ਕਰ ਰਹੀਆਂ ਹਨ ਜਿਸ ਤੋਂ ਸੰਕੇਤ ਮਿਲਿਆ ਹੈ ਕਿ ਕੂਟਨੀਤਕ ਅਧਿਕਾਰੀ ਜ਼ਮੀਨੀ ਹਕੀਕਤਾਂ ਤੋਂ ਵਾਕਿਫ਼ ਨਹੀਂ ਹਨ। ਇਸ ਮਾਮਲੇ ਪ੍ਰਤੀ ਨਵੀਂ ਦਿੱਲੀ ਦਾ ਵਤੀਰਾ ਬਹੁਤ ਹੀ ਢਿੱਲ-ਮੱਠ ਭਰਿਆ ਅਤੇ ਨਾਕਾਫ਼ੀ ਨਜ਼ਰ ਆਉਂਦਾ ਹੈ। ਭਾਰਤੀ ਦੂਤਾਵਾਸ ਨੇ ਵਿਦਿਆਰਥੀਆਂ ਨੂੰ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ ਅਤੇ ਆਮ ਵਰਗੇ ਹਾਲਾਤ ਬਹਾਲ ਹੋਣ ਬਾਰੇ ਦਿੱਤੇ ਗਏ ਭਰੋਸਿਆਂ ਨਾਲ ਦਰਪੇਸ਼ ਹਾਲਾਤ 'ਤੇ ਕੋਈ ਸੁਖਾਵਾਂ ਅਸਰ ਪੈਂਦਾ ਨਜ਼ਰ ਨਹੀਂ ਆ ਰਿਹਾ।ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਕਰ ਕੇ ਆਪਣੇ ਨਾਗਰਿਕਾਂ ਨੂੰ ਤਰਜੀਹੀ ਤੌਰ 'ਤੇ ਸੁਰੱਖਿਅਤ ਕੱਢਣਾ ਅਤੇ ਹਵਾਈ ਅੱਡੇ ਤੱਕ ਉਨ੍ਹਾਂ ਦੀ ਸਲਾਮਤੀ ਯਕੀਨੀ ਬਣਾਉਣਾ ਭਾਰਤ ਸਰਕਾਰ ਦੀ ਜਿ ?ਮੇਵਾਰੀ ਹੈ। ਮੈਡੀਕਲ ਵਿਦਿਆਰਥੀ ਅਣਸੁਖਾਵੇਂ ਮਾਹੌਲ ਕਾਰਨ ਖ਼ੁਦ ਕਿਤੇ ਆਉਣ-ਜਾਣ ਦੇ ਸਮਰੱਥ ਨਹੀਂ ਹਨ। ਭਾਰਤ ਸਰਕਾਰ ਨੂੰ ਕਿਰਗਿਜ਼ਸਤਾਨ ਨਾਲ ਕੂਟਨੀਤਕ ਪੱਧਰ 'ਤੇ ਸੰਵਾਦ ਕਰਨਾ ਚਾਹੀਦਾ ਹੈ ਤਾਂ ਕਿ ਵਿਦੇਸ਼ੀ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣ ਸਕੇ ਅਤੇ ਨਾਲ ਹੀ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਦੁਬਾਰਾ ਵਾਪਰਨ ਤੋਂ ਰੋਕਣ ਬਾਰੇ ਵੀ ਚਰਚਾ ਕਰਨੀ ਚਾਹੀਦੀ ਹੈ। ਹਜ਼ਾਰਾਂ ਨੌਜਵਾਨ ਭਾਰਤੀਆਂ ਦੀਆਂ ਜਿ ?ਦਗੀਆਂ ਅਤੇ ਸਲਾਮਤੀ ਦੇਸ਼ ਦੀ ਤਰਜੀਹ ਹੋਣੀ ਚਾਹੀਦੀ ਹੈ। ਦੋ ਕੁ ਸਾਲ ਪਹਿਲਾਂ ਯੂਕਰੇਨ ਵਿਚ ਪੜ੍ਹਨ ਗਏ ਹਜ਼ਾਰਾਂ ਭਾਰਤੀ ਮੈਡੀਕਲ ਵਿਦਿਆਰਥੀਆਂ ਲਈ ਨਾਜ਼ੁਕ ਹਾਲਾਤ ਪੈਦਾ ਹੋ ਗਏ ਸਨ ਜਦੋਂ ਰੂਸ ਅਤੇ ਯੂਕਰੇਨ ਵਿਚਕਾਰ ਫ਼ੌਜੀ ਟਕਰਾਅ ਪੈਦਾ ਹੋਣ ਕਰ ਕੇ ਇਹ ਵਿਦਿਆਰਥੀ ਉੱਥੇ ਫਸ ਗਏ ਸਨ।

ਅਗਨੀਪਥ ਦੀ ਸਮੀਖਿਆ

ਕੇਂਦਰ ਸਰਕਾਰ ਵੱਲੋਂ ਅਗਨੀਪਥ ਯੋਜਨਾ ਨੂੰ ਹਥਿਆਰਬੰਦ ਦਸਤਿਆਂ ਲਈ ਯੁੱਗ ਪਲਟਾਊ ਅਤੇ ਇਨ੍ਹਾਂ ਦੀ ਤਾਕਤ ਵਿੱਚ ਕਈ ਗੁਣਾ ਵਾਧਾ ਕਰਨ ਵਾਲੇ ਕਦਮ ਦੇ ਤੌਰ 'ਤੇ ਉਭਾਰਿਆ ਜਾਂਦਾ ਰਿਹਾ ਹੈ ਜਦੋਂਕਿ ਜੂਨ 2022 ਵਿੱਚ ਇਸ ਯੋਜਨਾ ਦੇ ਸ਼ੁਰੂ ਹੋਣ ਤੋਂ ਲੈ ਕੇ ਲਗਾਤਾਰ ਇਸ ਯੋਜਨਾ ਦੀ ਗਹਿ-ਗੱਡਵੀਂ ਨਿਰਖ-ਪਰਖ ਹੋ ਰਹੀ ਹੈ। ਇਸ ਯੋਜਨਾ ਅਧੀਨ ਚਾਰ ਸਾਲਾਂ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਸਿਰਫ਼ ਇੱਕ ਚੌਥਾਈ ਜਵਾਨਾਂ ਨੂੰ ਰੱਖਿਆ ਜਾਵੇਗਾ ਜਿਸ ਕਰ ਕੇ ਫ਼ੌਜੀ ਅਤੇ ਸਿਆਸੀ ਹਲਕਿਆਂ ਵਿੱਚ ਇਹ ਬਹੁਤ ਹੀ ਵਿਵਾਦਪੂਰਨ ਨੁਕਤਾ ਬਣ ਗਿਆ। ਇਸ ਤੋਂ ਇਲਾਵਾ ਸਰਕਾਰ ਦੀ ਇਹ ਵੀ ਦਲੀਲ ਸੀ ਕਿ ਇਹ ਯੋਜਨਾ ਫ਼ੌਜ ਦੀ ਆਧੁਨਿਕੀਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਵਿੱਚ ਸਹਾਈ ਹੋਵੇਗੀ ਅਤੇ ਦੁਨੀਆ ਭਰ ਵਿੱਚ ਬਦਲ ਰਹੀਆਂ ਭੂ-ਰਾਜਸੀ ਸਥਿਤੀਆਂ ਨਾਲ ਕਦਮ ਤਾਲ ਬਿਠਾਉਣ ਵਿੱਚ ਮਦਦਗਾਰ ਸਾਬਿਤ ਹੋ ਸਕੇਗੀ। ਕਾਂਗਰਸ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਆਪਣੇ ਚੋਣ ਮਨੋਰਥ ਪੱਤਰ ਵਿੱਚ ਇਸ ਯੋਜਨਾ ਨੂੰ ਰੱਦ ਕਰ ਕੇ ਪੁਰਾਣੀ ਭਰਤੀ ਵਿਧੀ ਨੂੰ ਬਹਾਲ ਕਰਨ ਦਾ ਵਾਅਦਾ ਕੀਤਾ ਹੈ। ਰਾਹੁਲ ਗਾਂਧੀ ਵੱਲੋਂ ਆਪਣੇ ਭਾਸ਼ਣਾਂ ਵਿੱਚ ਅਗਨੀਵੀਰ ਯੋਜਨਾ ਨਿਯਮਤ ਢੰਗ ਨਾਲ ਜਿ ?ਕਰ ਕੀਤਾ ਜਾਂਦਾ ਹੈ ਅਤੇ ਦੋ ਟੁੱਕ ਲਫਜ਼ਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਇਸ ਯੋਜਨਾ ਨੂੰ ਫੌਰੀ ਤੌਰ 'ਤੇ ਬਦਲ ਦਿੱਤਾ ਜਾਵੇਗਾ ਅਤੇ ਫ਼ੌਜ ਵੱਲੋਂ ਭਰਤੀ ਦੀਆਂ ਪੁਰਾਣੀਆਂ ਵਿਧੀਆਂ ਨੂੰ ਲਾਗੂ ਕਰਵਾਇਆ ਜਾਵੇਗਾ।

ਕੁਝ ਹਫ਼ਤੇ ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਜੇ ਲੋੜ ਪਈ ਤਾਂ ਸਰਕਾਰ ਅਗਨੀਪਥ ਯੋਜਨਾ ਵਿੱਚ ਤਬਦੀਲੀ ਕਰਨ ਬਾਬਤ ਵਿਚਾਰ ਕਰਨ ਲਈ ਤਿਆਰ ਹੈ। ਇਕ ਪ੍ਰਮੁੱਖ ਅਖ਼ਬਾਰ ਦੀ ਰਿਪੋਰਟ ਮੁਤਾਬਿਕ ਥਲ ਸੈਨਾ ਵੱਲੋਂ ਭਰਤੀ ਦੀ ਪ੍ਰਕਿਰਿਆ ਦੇ ਅਸਰ ਬਾਰੇ ਅੰਦਰੂਨੀ ਤੌਰ 'ਤੇ ਸਰਵੇ ਕਰਵਾਇਆ ਜਾ ਰਿਹਾ ਹੈ; ਇਸ ਤਹਿਤ ਅਗਨੀਵੀਰ ਜਵਾਨਾਂ, ਯੂਨਿਟ ਕਮਾਂਡਰਾਂ ਅਤੇ ਰੈਜੀਮੈਂਟਲ ਕੇਂਦਰਾਂ ਵਿਚਲੇ ਸਟਾਫ ਦੇ ਵਿਚਾਰ ਲਏ ਜਾ ਰਹੇ ਹਨ। ਇਹ ਵੀ ਸੰਭਾਵਨਾ ਹੈ ਕਿ ਥਲ ਸੈਨਾ ਵੱਲੋਂ ਨਵੀਂ ਸਰਕਾਰ ਨੂੰ ਇਸ ਯੋਜਨਾ ਵਿੱਚ ਫੇਰਬਦਲ ਬਾਰੇ ਸਿਫਾਰਸ਼ਾਂ ਕੀਤੀਆਂ ਜਾਣ।

ਕੇਂਦਰ ਸਰਕਾਰ ਵੱਲੋਂ ਦਿੱਤਾ ਭਰੋਸਾ ਕਿ ਅਗਨੀਵੀਰ ਯੋਜਨਾ ਤਹਿਤ ਭਰਤੀ ਕੀਤੇ ਗਏ ਨੌਜਵਾਨਾਂ ਦੇ ਭਵਿੱਖ 'ਤੇ ਮਾੜਾ ਅਸਰ ਨਹੀਂ ਪਏਗਾ, ਨੌਕਰੀ ਦੀਆਂ ਸੰਭਾਵਨਾਵਾਂ ਬਾਰੇ 75 ਪ੍ਰਤੀਸ਼ਤ ਰੰਗਰੂਟਾਂ ਦੇ ਖ਼ਦਸ਼ੇ ਅਤੇ ਸੰਸੇ ਦੂਰ ਕਰਨ ਵਿੱਚ ਨਾਕਾਮ ਰਿਹਾ ਹੈ, ਜਦੋਂਕਿ ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਸੁਰੱਖਿਆ ਸੇਵਾ ਕਾਲ ਖ਼ਤਮ ਹੋਣ ਤੋਂ ਬਾਅਦ ਦਾਅ ਉੱਤੇ ਲੱਗੀ ਹੋਵੇਗੀ। ਅਗਨੀਪਥ ਯੋਜਨਾ ਦੀ ਡੂੰਘਾਈ ਨਾਲ ਸਮੀਖਿਆ ਹੋ ਰਹੀ ਹੈ, ਖ਼ਾਸ ਤੌਰ 'ਤੇ 'ਰਿਟੈਨਸ਼ਨ' ਦੇ ਅਨੁਪਾਤ ਦੀ। ਰੱਖਿਆ ਬਲਾਂ ਦੀ ਔਸਤ ਉਮਰ ਘਟਾ ਕੇ ਜਵਾਨ ਤੇ ਸਮਰੱਥ ਸੈਨਾ ਖੜ੍ਹੀ ਕਰਨ ਦੇ ਇਰਾਦਿਆਂ 'ਤੇ ਕੋਈ ਵਿਵਾਦ ਨਹੀਂ ਹੈ ਪਰ ਸਰਕਾਰ ਨੂੰ ਦੂਰਦ੍ਰਿਸ਼ਟੀ ਤੋਂ ਕੰਮ ਲੈਣ ਦੀ ਲੋੜ ਹੈ। ਇਹ ਯੋਜਨਾ ਮੁੱਢ ਤੋਂ ਹੀ ਵੱਖ-ਵੱਖ ਵਿਵਾਦਾਂ ਵਿਚ ਘਿਰੀ ਰਹੀ ਹੈ। ਬੇਰੁਜ਼ਗਾਰੀ ਵਾਲਾ ਸਵਾਲ ਇਸ ਚਰਚਾ ਦੌਰਾਨ ਉਭਰ ਕੇ ਸਾਹਮਣੇ ਆਉਂਦਾ ਰਿਹਾ ਹੈ।

ਦੇਸ਼ ਵਿੱਚ ਵਿਆਪਕ ਬੇਰੁਜ਼ਗਾਰੀ ਅਤੇ ਯੋਗਤਾ ਤੋਂ ਕਿਤੇ ਘੱਟ ਕੰਮ ਮਿਲਣ ਦੇ ਮਾਹੌਲ ਦੇ ਮੱਦੇਨਜ਼ਰ ਹਜ਼ਾਰਾਂ ਅਸੰਤੁਸ਼ਟ, ਮਾਯੂਸ ਨੌਜਵਾਨਾਂ ਦੇ ਪੁਨਰ ਵਸੇਬੇ ਲਈ ਸਰਕਾਰੀ ਤੇ ਪ੍ਰਾਈਵੇਟ ਸੈਕਟਰ ਤੋਂ ਦ੍ਰਿੜ੍ਹ ਵਚਨਬੱਧਤਾ ਲੈਣ ਦੀ ਲੋੜ ਪਏਗੀ।

-ਅਨੀਤਾ ਜਾਂਗੜਾ

ਲੋਕਰਾਜ ਖ਼ਾਤਿਰ ਵੋਟ ਦਾ ਇਸਤੇਮਾਲ

ਨੀਰਾ ਚੰਡੋਕ

ਉਹ ਕਿਹੜੀ ਚੀਜ਼ ਹੈ ਜੋ 2024 ਦੀਆਂ ਚੋਣਾਂ ਵਿਚ ਦਾਅ 'ਤੇ ਲੱਗੀ ਹੈ? ਪਿਛਲੇ ਦਸ ਸਾਲਾਂ ਵਿਚ ਬਹੁਤਾ ਸਮਾਂ ਨਿਰੰਕੁਸ਼ਤਾ ਦਾ ਸਾਇਆ ਸਾਡੇ ਸਿਰ 'ਤੇ ਮੰਡਰਾਉਂਦਾ ਰਿਹਾ ਹੈ। ਨਿਰੰਕੁਸ਼ਤਾ ਨੇ ਲੋਕਰਾਜ ਨੂੰ ਅੰਦਰੋਂ ਖੋਖਲਾ ਕਰ ਕੇ ਰੱਖ ਦਿੱਤਾ ਹੈ। ਨਿਰੰਕੁਸ਼ਵਾਦੀਆਂ ਦਾ ਠੋਸ ਲੋਕਤੰਤਰ ਤੋਂ ਬਗ਼ੈਰ ਗੁਜ਼ਾਰਾ ਚੰਗਾ ਚਲਦਾ ਹੈ। ਜਿ ?ਆਦਾ ਪ੍ਰੇਸ਼ਾਨੀ ਦੀ ਗੱਲ ਇਹ ਹੈ ਕਿ ਉਹ ਮਿਲਜੁਲ ਕੇ ਰਹਿਣ ਦਾ ਵੱਲ ਸਿੱਖ ਚੁੱਕੇ ਲੋਕਾਂ ਅੰਦਰ ਖ਼ੁਣਸੀ ਢੰਗ ਨਾਲ ਧਰੁਵੀਕਰਨ ਦਾ ਜ਼ਹਿਰ ਫੈਲਾਉਂਦੇ ਹਨ। ਇਸ ਪ੍ਰਕਿਰਿਆ ਵਿੱਚ ਅਸੀਂ ਲੋਕਤੰਤਰ ਦੀ ਭਾਵਨਾ ਭਾਵ ਇਕਜੁੱਟਤਾ ਦਾ ਕਤਲ ਹੁੰਦਾ ਦੇਖਦੇ ਹਾਂ। ਕਮਿਊਨਿਜ਼ਮ ਦੀ ਚੜ੍ਹਤ ਦੇ ਦਿਨਾਂ ਵਿੱਚ ਇਕਜੁੱਟਤਾ ਦਾ ਮਤਲਬ ਹੁੰਦਾ ਸੀ ਮਿਹਨਤਕਸ਼ ਤਬਕਿਆਂ ਅੰਦਰ ਏਕੇ ਦਾ ਅਹਿਸਾਸ। ਅੱਜ ਜੇ ਅਸੀਂ ਲੋਕਤੰਤਰ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਇਹ ਜਜ਼ਬਾ ਬਹੁਤ ਅਹਿਮ ਹੈ।

ਇਕਜੁੱਟਤਾ ਜਾਂ ਇਸ ਦੇ ਚਚੇਰ ਸੰਕਲਪ ਭਾਈਚਾਰਕ ਸਾਂਝ ਨੂੰ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸ਼ਾਮਿਲ ਕੀਤਾ ਗਿਆ ਹੈ। ਜ਼ਰਾ ਸੋਚੋ, ਸੰਵਿਧਾਨ ਦੇ ਨਿਰਮਾਤਾਵਾਂ ਸਾਹਮਣੇ ਕਿਸ ਕਿਸਮ ਦੀਆਂ ਚੁਣੌਤੀਆਂ ਹੋਣਗੀਆਂ। ਮਜ਼ਹਬੀ ਆਧਾਰ 'ਤੇ ਵੰਡ ਦਿੱਤੇ ਗਏ ਲੋਕਾਂ ਨੂੰ ਲੋਕਰਾਜੀ ਸਿਆਸੀ ਭਾਈਚਾਰੇ ਅੰਦਰ ਨਾਗਰਿਕ ਦੇ ਰੂਪ ਵਿੱਚ ਰਹਿਣਾ ਪ੍ਰਵਾਨ ਕਰਨਾ ਪਵੇਗਾ। ਵੰਡ ਵੇਲੇ ਇਨ੍ਹਾਂ 'ਚੋਂ ਕਈ ਲੋਕ ਮਾਨਵਤਾ ਦੇ ਹੇਠਲੇ ਪੱਧਰ ਤੱਕ ਜਾ ਡਿੱਗੇ ਸਨ। ਸੰਵਿਧਾਨ ਘਾੜਿ ?ਆਂ ਨੇ ਇਸ ਤਣਾਅਪੂਰਨ ਮਾਹੌਲ ਅੰਦਰ ਹੋਸ਼ਮੰਦੀ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਆਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਜਿਹੇ ਸਿਆਸੀ ਸਿਧਾਂਤਾਂ ਨੂੰ ਪ੍ਰਸਤਾਵਨਾ ਵਿੱਚ ਉਭਾਰ ਕੇ ਸਾਹਮਣੇ ਲਿਆਂਦਾ ਸੀ। ਮਜ਼ਹਬੀ ਗਰਕਣ ਵਿੱਚ ਧਸੇ ਭਾਰਤ ਦੇ ਲੋਕਾਂ ਨੂੰ ਇਕਜੁੱਟਤਾ ਦੇ ਰੂਪ ਵਿੱਚ ਬਦਲ ਪੇਸ਼ ਕੀਤਾ ਗਿਆ ਜੋ ਘੱਟੋ-ਘੱਟ ਦੋ ਕਾਰਨਾਂ ਕਰ ਕੇ ਅਹਿਮ ਹੈ।

ਪਹਿਲਾ, ਜੇ ਲੋਕ ਹੋਰਨਾਂ ਦੀ ਪ੍ਰਵਾਹ ਨਾ ਕਰਨ ਤਾਂ ਲੋਕਰਾਜ ਭਟਕ ਜਾਂਦਾ ਹੈ; ਭਾਵ, ਉਨ੍ਹਾਂ ਦੀ ਬਿਮਾਰੀ ਜਾਂ ਗ਼ਰੀਬੀ ਨੂੰ ਨਜ਼ਰਅੰਦਾਜ਼ ਕਰਨ ਜਾਂ ਕਿਸੇ ਭਾਈਚਾਰੇ ਖਿ ?ਲਾਫ਼ ਘੋਰ ਅਨਿਆਂ ਕੀਤਾ ਜਾਵੇ। ਇਕਜੁੱਟਤਾ ਤੋਂ ਬਿਨਾਂ ਅਸੀਂ ਹੱਕ ਰੱਖਣ ਵਾਲੇ ਖ਼ੁਦਗਰਜ਼ਾਂ ਦਾ ਟੋਲਾ ਬਣ ਕੇ ਰਹਿ ਜਾਵਾਂਗੇ। ਇਕਜੁੱਟਤਾ ਤੋਂ ਬਗ਼ੈਰ ਅਸੀਂ ਹੌਬਸ ਦੇ ਸ਼ਬਦਾਂ ਵਿੱਚ ਉਸ ਕਿਸਮ ਦੀ ਕੁਦਰਤੀ ਅਵਸਥਾ ਵਿੱਚ ਚਲੇ ਜਾਵਾਂਗੇ ਜਿੱਥੇ ਹਰ ਕੋਈ ਇਕੱਲਾ ਹੁੰਦਾ ਹੈ ਅਤੇ ਉਹ ਇਨਸਾਨ ਬਣਾਉਣ ਵਾਲੀਆਂ ਖ਼ੂਬੀਆਂ ਤੋਂ ਵਿਰਵਾ ਹੁੰਦਾ ਹੈ।

ਦੂਜਾ, ਇਤਿਹਾਸ ਦਰਸਾਉਂਦਾ ਹੈ ਕਿ ਜਦੋਂ ਲੋਕ ਦਮਨ ਖਿ ?ਲਾਫ਼ ਇਕਜੁੱਟਤਾ ਦੇ ਸਾਂਝੇ ਤਾਣੇ ਹੇਠ ਆਉਂਦੇ ਹਨ ਤਾਂ ਉਹ ਪਹਾੜਾਂ ਨੂੰ ਵੀ ਝੁਕਾ ਦਿੰਦੇ ਹਨ। ਉਹ ਸ਼ਕਤੀਸ਼ਾਲੀ ਸਾਮਰਾਜਾਂ ਨੂੰ ਉਖਾੜ ਸੁੱਟਦੇ ਹਨ। ਉਹ ਮਹਿਜ਼ ਸੜਕਾਂ 'ਤੇ ਇਕੱਤਰ ਹੋਣ 'ਤੇ ਹੀ ਰਾਜਕੀ ਸੱਤਾ ਦੀ ਦੁਰਵਰਤੋਂ ਕਰਨ ਵਾਲੀਆਂ ਸਰਕਾਰਾਂ ਨੂੰ ਵੰਗਾਰਦੇ ਹਨ ਜਿਵੇਂ 1989 ਵਿੱਚ ਪੂਰਬੀ ਯੂਰੋਪ ਵਿਚ ਹੋਇਆ ਸੀ। ਇਰਾਨ ਵਿੱਚ ਔਰਤਾਂ ਨੇ ਸ਼ਰੇਆਮ ਆਪਣੀਆਂ ਗੁੱਤਾਂ ਕਟਵਾ ਕੇ ਪਿੱਤਰਸੱਤਾ ਨੂੰ ਲਲਕਾਰਿਆ ਸੀ। ਜਰਮਨਾਂ ਨੇ ਬਰਲਿਨ ਦੀ ਕੰਧ ਢਾਹ ਦਿੱਤੀ ਸੀ। ਇਹ ਸਭ ਕੁਝ ਕਰਦਿਆਂ ਉਹ ਸ਼ਿੱਦਤ ਅਤੇ ਹੌਸਲੇ ਨਾਲ ਇਕਜੁੱਟਤਾ ਨੂੰ ਸਿਆਸੀ ਏਜੰਡੇ ਦੇ ਮਰਕਜ਼ ਵਿੱਚ ਖੜ੍ਹਾ ਕਰਦੇ ਹਨ। ਸੱਤਾ ਦੀ ਹਵਸ ਵਿੱਚ ਲੱਗੇ ਨਿਰੰਕੁਸ਼ ਸ਼ਾਸਕ ਜਦੋਂ ਲੋਕਾਂ ਨੂੰ ਵੰਡਣ ਦੀ ਕੋਸਿ ?ਸ਼ ਕਰਦੇ ਹਨ ਤਾਂ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੁੰਦੀ। ਇਤਿਹਾਸ ਵਿੱਚ ਉਹ ਮੌਕੇ ਬੇਮਿਸਾਲ ਹੁੰਦੇ ਹਨ ਜਦੋਂ ਬਿਨਾਂ ਕਿਸੇ ਆਗੂਆਂ ਜਾਂ ਜਥੇਬੰਦੀ ਤੋਂ ਅਵਾਮ ਗ਼ੈਰ-ਵਾਜਿਬ ਕਾਨੂੰਨਾਂ ਦੇ ਪਰਖਚੇ ਉਡਾ ਦਿੰਦੀ ਹੈ। ਨਾਬਰੀ ਦੇ ਕਈ ਹੋਰ ਰੂਪ ਵੀ ਹੁੰਦੇ ਹਨ ਜਿਵੇਂ ਸਾਡੇ ਕੋਲ ਵੋਟ ਦਾ ਅਧਿਕਾਰ ਹੈ। ਸਾਨੂੰ ਰਾਜੇ ਦਾ ਸਿਰ ਕਲਮ ਕਰਨ ਦੀ ਲੋੜ ਨਹੀਂ ਹੈ ਜਿਵੇਂ ਫਰਾਂਸੀਸੀ ਇਨਕਲਾਬ ਵੇਲੇ ਹੋਇਆ ਸੀ। ਸਾਨੂੰ ਹੋਸ਼ਮੰਦੀ ਨਾਲ ਵੋਟ ਦੀ ਵਰਤੋਂ ਕਰਨ ਦੀ ਲੋੜ ਹੈ।

ਸਾਡੀ ਵੋਟ ਦੀ ਕੀ ਅਹਿਮੀਅਤ ਹੈ? ਸੰਨ 2014 ਵਿੱਚ ਭਾਰਤੀ ਅਵਾਮ ਦੇ ਵੱਡੇ ਹਿੱਸੇ ਨੇ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਰੋਸਾ ਜਤਾਇਆ ਸੀ। ਉਨ੍ਹਾਂ ਦੀ ਕ੍ਰਿਸ਼ਮਈ ਸ਼ਖ਼ਸੀਅਤ ਬਾਰੇ ਬਹੁਤ ਕੁਝ ਲਿਖਿਆ ਤੇ ਆਖਿਆ ਜਾ ਚੁੱਕਿਆ ਹੈ। ਜੇ ਇਸ ਕ੍ਰਿਸ਼ਮੇ ਦੀ ਡੋਜ਼ ਲੋੜ ਤੋਂ ਜਿ ?ਆਦਾ ਹੋ ਜਾਵੇ ਤਾਂ ਇਹ ਲੋਕਤੰਤਰ ਦੀ ਸਿਹਤ ਲਈ ਘਾਤਕ ਬਣ ਜਾਂਦੀ ਹੈ। ਜ਼ਰਾ ਗ਼ੌਰ ਕਰੋ, ਘੱਟਗਿਣਤੀ ਮੁਸਲਿਮ ਭਾਈਚਾਰੇ ਨੂੰ ਕਿੰਨੇ ਅਸੱਭਿਅਕ ਅਤੇ ਬੇਸ਼ਰਮੀ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਨੂੰ ਬਰਦਾਸ਼ਤ ਕਰ ਲਿਆ ਜਾਂਦਾ ਹੈ ਕਿਉਂਕਿ ਆਗੂ ਕ੍ਰਿਸ਼ਮਈ ਹੈ। ਇਸ ਲਈ ਸਾਡੇ ਮੁਸਲਿਮ ਨਾਗਰਿਕਾਂ ਦੇ ਨਾ ਕੋਈ ਨਾਂ ਹਨ ਤੇ ਨਾ ਹੀ ਕੋਈ ਖ਼ਾਸ ਜੀਵਨੀਆਂ ਜਾਂ ਜਿ ?ਕਰਯੋਗ ਵਿਸ਼ਵਾਸ ਪ੍ਰਣਾਲੀਆਂ ਜਾਂ ਭਾਸ਼ਾਵਾਂ ਹਨ। ਘੱਟਗਿਣਤੀ ਤਾਂ ਮਹਿਜ਼ ਆਲੂਆਂ ਦੀ ਬੋਰੀ ਹੁੰਦੀ ਹੈ ਜਿਵੇਂ ਕਾਰਲ ਮਾਰਕਸ ਨੇ ਇਕ ਵੱਖਰੇ ਪ੍ਰਸ

ਸਾਉਣੀ ਫ਼ਸਲਾਂ ਲਈ ਵੀਰ ਕਿਸਾਨੋ ਫਾਸਫੋਰਸ ਦਾ ਸੁਚੱਜਾ ਪ੍ਰਬੰਧ

ਅਜੋਕੀ ਖੇਤੀ ਵਿਚ ਫ਼ਸਲਾਂ ਦੇ ਚੰਗੇ ਝਾੜ ਵਿਚ ਖ਼ਾਦਾਂ ਦੀ ਅਹਿਮ ਭੂਮਿਕਾ ਹੋਣ ਦੇ ਨਾਲ ਨਾਲ ਖਾਦਾਂ ਦਾ ਖੇਤੀ ਖ਼ਰਚਿਆਂ ਵਿਚ ਵੀ ਵੱਡਾ ਹਿੱਸਾ ਹੈ। ਇਸ ਲਈ ਖਾਦਾਂ ਦੀ ਵਰਤੋਂ ਬੜੇ ਸੰਜਮ ਨਾਲ ਕਰਨੀ ਚਾਹੀਦੀ ਹੈ। ਲੋੜ ਨਾਲੋਂ ਘੱਟ ਖਾਦਾਂ ਦੀ ਵਰਤੋਂ ਨਾਲ ਜਿੱਥੇ ਫ਼ਸਲਾਂ ਤੋਂ ਪੂਰਾ ਝਾੜ ਨਹੀਂ ਲਿਆ ਜਾ ਸਕਦਾ, ਉਸ ਦੇ ਨਾਲ-ਨਾਲ ਲੋੜ ਨਾਲੋਂ ਵੱਧ ਖਾਦਾਂ ਦੀ ਵਰਤੋਂ ਵੀ ਚੰਗੇ ਝਾੜ ਦੀ ਗਰੰਟੀ ਨਹੀਂ ਹੈ। ਇਸ ਲਈ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਇਹ ਦੇਖਿਆ ਗਿਆ ਹੈ ਕਿ ਜਿਹੜੀ ਫਾਸਫੋਰਸ ਖ਼ਾਦ ਹਾੜ੍ਹੀ ਦੀ ਫ਼ਸਲ ਵਿਚ ਪਾਈ ਜਾਂਦੀ ਹੈ ਉਸ ਵਿਚੋਂ 15-30 ਪ੍ਰਤੀਸ਼ਤ ਫਾਸਫੋਰਸ ਹੀ ਹਾੜ੍ਹੀ ਦੀ ਫ਼ਸਲ ਨੂੰ ਪ੍ਰਾਪਤ ਹੁੰਦੀ ਹੈ ਅਤੇ ਬਾਕੀ ਫਾਸਫੋਰਸ ਜ਼ਮੀਨ ਵਿਚ ਪਈ ਰਹਿੰਦੀ ਹੈ। ਸਾਉਣੀ ਦੇ ਮੌਸਮ ਵਿਚ ਜਦੋਂ ਤਾਪਮਾਨ ਵਧਦਾ ਹੈ ਤਾਂ ਉਹੀ ਫਾਸਫੋਰਸ ਸਾਉਣੀ ਦੀ ਫ਼ਸਲ ਨੂੰ ਮਿਲ ਜਾਂਦੀ ਹੈ। ਇਸ ਲਈ ਜੇਕਰ ਝੋਨੇ, ਬਾਸਮਤੀ, ਮੱਕੀ, ਨਰਮਾ ਅਤੇ ਮੂੰਗਫਲੀ ਤੋਂ ਪਹਿਲਾਂ ਕਣਕ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਵਿਚ ਫਾਸਫੋਰਸ ਤੱਤ ਪਾਇਆ ਹੋਵੇ ਤਾਂ ਸਾਉਣੀ ਵਿਚ ਇਨ੍ਹਾਂ ਫ਼ਸਲਾਂ ਨੂੰ ਫਾਸਫੋਰਸ ਪਾਉਣ ਦੀ ਲੋੜ ਨਹੀਂ ਹੈ। ਇਸੇ ਤਰ੍ਹਾਂ ਜੇ ਸਿਫ਼ਾਰਸ਼ ਕੀਤੀ ਫਾਸਫੋਰਸ, ਸੋਇਆਬੀਨ ਤੋਂ ਪਹਿਲਾਂ ਬੀਜੀ ਕਣਕ ਨੂੰ ਪਾਈ ਗਈ ਹੋਵੇ ਤਾਂ ਸੋਇਆਬੀਨ ਦੀ ਫ਼ਸਲ ਨੂੰ 32 ਕਿਲੋ ਫਾਸਫੋਰਸ ਪ੍ਰਤੀ ਏਕੜ ਦੀ ਥਾਂ 24 ਕਿਲੋ ਫਾਸਫੋਰਸ ਹੀ ਪਾਉਣੀ ਚਾਹੀਦੀ ਹੈ। ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਫਾਸਫੋਰਸ ਦੀ ਪੂਰਤੀ ਲਈ ਡੀਏਪੀ ਖ਼ਾਦ ਦੀ ਥਾਂ ਸਿੰਗਲ ਸੁਪਰ ਫਾਸਫੇਟ ਖ਼ਾਦ ਨੂੰ ਤਰਜੀਹ ਦੇਣੀ ਚਾਹੀਦੀ ਹੈ।

• ਆਰ ਐੱਸ ਗਿੱਲ
ਭੂਮੀ ਵਿਗਿਆਨ ਵਿਭਾਗ (ਮੋਬਾਈਲ : 98785-00598)

ਬਰਸਾਤ ਰੁੱਤੇ ਫਲ਼ਦਾਰ ਪੌਦਿਆਂ ਦਾ ਬਚਾਅ

ਅੰਗੂਰਾਂ ਦੀਆਂ ਵੇਲਾਂ ਨੂੰ ਟਾਹਣੀਆਂ ਸੁੱਕਣ ਦਾ ਰੋਗ ਵੀ ਇਸ ਰੁੱਤੇ ਲੱਗਦਾ ਹੈ। ਇਸ ਬਿਮਾਰੀ ਕਰਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਬਾਅਦ ਵਿਚ ਗੋਲੀਆਂ ਦੇ ਨਿਸ਼ਾਨ ਵਾਂਗ ਮੋਰੀਆਂ ਦਿਖਾਈ ਦਿੰਦੀਆਂ ਹਨ। ਇਸ ਦੀ ਰੋਕਥਾਮ ਲਈ ਅਗਸਤ ਦੇ ਅੱਧ ਵਿਚ ਬੋਰਡੋ ਮਿਸ਼ਰਨ ਦਾ ਛਿੜਕਾਅ ਕਰੋ...

• ਡਾ. ਮਨਦੀਪ ਸਿੰਘ ਗਿੱਲ

ਪੰਜਾਬ ਵਿਚ ਬਾਗ਼ਬਾਨੀ ਖੇਤਰ ਵਿਚ ਦਿਨੋਂ ਦਿਨ ਰਕਬਾ ਵਧ ਰਿਹਾ ਹੈ ਕਿਉਂਕਿ ਮੁੱਖ ਫ਼ਸਲੀ ਚੱਕਰ ਕਣਕ, ਝੋਨੇ ਦੀ ਲਗਾਤਾਰ ਵੱਧ ਰਹੀ ਲਾਗਤ ਕਾਰਨ ਮੁਨਾਫ਼ਾ ਘੱਟ ਰਿਹਾ ਹੈ। ਬਾਗ਼ਬਾਨੀ ਇਕ ਅਜਿਹੇ ਕਿੱਤੇ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਿਹਾ ਹੈ। ਜਿਸ ਨਾਲ ਵੱਧ ਰਹੀ ਆਬਾਦੀ ਦੀਆਂ ਖ਼ੁਰਾਕੀ ਜ਼ਰੂਰਤਾਂ ਦੇ ਨਾਲ ਨਾਲ ਪੌਸ਼ਟਿਕ ਲੋੜਾਂ ਵੀ ਪੂਰੀਆਂ ਹੋ ਸਕਦੀਆਂ ਹਨ। ਬਾਗ਼ਬਾਨਾਂ ਨੂੰ ਬਾਗ਼ਾਂ 'ਚੋਂ ਚੰਗਾ ਮੁਨਾਫ਼ਾ ਲੈਣ ਲਈ ਬਰਸਾਤੀ ਮੌਸਮ ਵਿਚ ਫ਼ਲਾਂ ਦੀਆਂ ਮੁੱਖ ਸਮੱਸਿਆਵਾਂ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇਣ ਦੀ ਲੋੜ ਪੈਂਦੀ ਹੈ।

ਫਲ਼ਦਾਰ ਪੌਦਿਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਤੇ ਰੋਕਥਾਮ

ਬਰਸਾਤ ਦੇ ਦਿਨਾਂ ਵਿਚ ਆਮ ਤੌਰ 'ਤੇ ਕਿੰਨੂ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਹ�ो ਜਾਂਦੀਆਂ ਹਨ ਜਿਵੇਂ ਕਿ ਗੂੰਦੀਆ ਰੋਗ ਤੇ ਜੜ੍ਹਾਂ ਦਾ ਗਲਣਾ। ਜੜ੍ਹਾਂ ਦੇ ਗਲਣ ਤੋਂ ਭਾਵ ਹੈ ਬੂਟਿਆਂ ਦੇ ਜ਼ਮੀਨ ਨਾਲ ਲੱਗਦੇ ਹਿੱਸੇ ਦਾ ਗਲਣਾ ਜਿਸ ਦੀਆਂ ਮੁੱਖ ਨਿਸ਼ਾਨੀਆਂ ਹਨ ਗੂੰਦ ਨਿਕਲਣਾ, ਪੱਤੇ ਹਲਕੇ ਪੀਲੇ ਰੰਗ ਦੇ ਹੋ ਜਾਂਦੇ ਹਨ ਅਤੇ ਹੌਲੀ ਹੌਲੀ ਟਾਹਣੀਆਂ ਸੁੱਕ ਜਾਂਦੀਆਂ ਹਨ। ਇਸ ਸਮੱਸਿਆ ਦਾ ਹੱਲ ਕਰਨ ਲਈ ਗਲੀ ਹੋਈ ਛਿੱਲ ਨੂੰ ਥੋੜੀ ਜਿਹੀ ਨਰੋਈ ਛਿੱਲ ਸਮੇਤ ਚਾਕੂ ਨਾਲ ਖੁਰਚ ਕੇ ਜਖ਼ਮ ਨੂੰ ਕੀਟਾਣੂ ਰਹਿਤ ਘੋਲ ਨਾਲ ਸਾਫ਼ ਕਰੋ ਅਤੇ ਜਖ਼ਮ 'ਤੇ ਬੋਰਡੋ ਪੇਸਟ ਲਗਾ ਦੇਵੋ। ਇਸ ਉਪਰੰਤ ਜਾਂ ਤਾਂ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ ਕਰੋ ਜਾਂ ਦੋ ਵਾਰ ਰਿਡੋਮਿਲ ਐਮ.ਜੈਡ. ਜਾਂ ਮੈਟਕੋ 8-64 (2 ਗ੍ਰਾਮ ਪ੍ਰਤੀ 100 ਮਿਲੀਲੀਟਰ ਅਲਸੀ ਦੇ ਤੇਲ ਦੇ ਹਿਸਾਬ ਨਾਲ) ਪੇਂਟ ਦੇ ਤੌਰ 'ਤੇ ਬਿਮਾਰੀ ਵਾਲੇ ਤਣੇ 'ਤੇ ਲਗਾਓ ਅਤੇ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਜੁਲਾਈ ਅਗਸਤ ਅਤੇ ਫਿਰ ਫਰਵਰੀ ਮਾਰਚ ਵਿਚ ਰਿਡੋਮਲ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਨਾਲ ਚੰਗੀ ਤਰਾਂ ਭਿਉਂ ਦਿਓ ਜਾਂ ਬਿਮਾਰੀ ਵਾਲੇ ਬੂਟਿਆਂ ਨੂੰ ਐਲੀਏਟ 80 ਤਾਕਤ ਦੇ ਦੋ ਸਪਰੇਅ (0.25 ਪ੍ਰਤੀਸ਼ਤ, 2.5 ਗ੍ਰਾਮ ਪ੍ਰਤੀ ਲਿਟਰ ਪਾਣੀ) ਅਪ੍ਰੈਲ ਅਤੇ ਸਤੰਬਰ ਵਿਚ ਕਰੋ ਅਤੇ ਨਾਲ ਹੀ ਜ਼ਮੀਨ ਵਿਚ ਰਿਡੋਮਿਲ ਐਮ.ਜੈਡ ਜਾਂ ਮੈਟਕੋ 8-64 (25 ਗ੍ਰਾਮ ਪ੍ਰਤੀ 10 ਲਿਟਰ ਪਾਣੀ) ਨੂੰ ਫਰਵਰੀ ਮਾਰਚ ਅਤੇ ਫਿਰ ਜੁਲਾਈ ਅਗਸਤ ਵਿਚ ਜ਼ਰੂਰ ਪਾਓ।

ਅੰਗੂਰ

ਅੰਗੂਰਾਂ ਦੀਆਂ ਵੇਲਾਂ ਨੂੰ ਟਾਹਣੀਆਂ ਸੁੱਕਣ ਦਾ ਰੋਗ ਵੀ ਇਸ ਰੁੱਤੇ ਲੱਗ ਜਾਂਦਾ ਹੈ। ਇਸ ਬਿਮਾਰੀ ਕਰਕੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਬਾਅਦ ਵਿਚ ਗੋਲੀਆਂ ਦੇ ਨਿਸ਼ਾਨ ਵਾਂਗ ਮੋਰੀਆਂ ਦਿਖਾਈ ਦਿੰਦੀਆਂ ਹਨ। ਨਵੀਆਂ ਕਰੂੰਬਲਾਂ ਅਤੇ ਟਾਹਣੀਆਂ ਉਤੇ ਭੂਰੇ ਰੰਗ ਦੇ ਚਟਾਖ਼ ਪੈ ਜਾਂਦੇ ਹਨ। ਫਲ਼ਾਂ ਉਤੇ ਇਹ ਚਟਾਖ਼ ਪੰਛੀ ਦੀ ਅੱਖ ਵਰਗੇ ਨਜ਼ਰ ਆਉਂਦੇ ਹਨ। ਇਸ ਬਿਮਾਰੀ ਦੀ ਰੋਕਥਾਮ ਲਈ ਅਗਸਤ ਦੇ ਅੱਧ ਵਿਚ ਬੋਰਡੋ ਮਿਸ਼ਰਨ (2:2:250) ਦਾ ਛਿੜਕਾਅ ਕਰੋ। ਸਤੰਬਰ ਦੇ ਪਹਿਲੇ ਹਫਤੇ 500 ਲਿਟਰ ਪਾਣੀ ਵਿਚ 500 ਗ੍ਰਾਮ ਪ੍ਰਤੀ ਏਕੜ ਬਾਵਿਸਟਨ 50 ਘੁਲਣਸ਼ੀਲ ਦਾ ਛਿੜਕਾਅ ਕਰੋ। ਟਹਿਣੀਆਂ ਸੁੱਕਣ ਦੇ ਰੋਗ ਤੋਂ ਇਲਾਵਾ ਅੰਗੂਰਾਂ ਦੇ ਪੱਤਿਆਂ ਦੇ ਉਪਰ ਵਾਲੇ ਪਾਸੇ ਹਲਕੇ ਪੀਲੇ ਰੰਗ ਦੇ ਤੇਲ ਵਰਗੇ ਚਟਾਖ਼ ਪੈ ਜਾਦੇ ਹਨ। ਜੋ ਥੱਲੇ ਵਾਲੇ ਪਾਸਿਓਂ ਉਲੀ ਦੇ ਚਿੱਟੇ ਜੰਮ ਨਾਲ ਢੱਕੇ ਹੁੰਦੇ ਹਨ। ਇਸ ਦਾ ਅਸਰ ਨਵੇਂ ਫੁਟਾਰੇ 'ਤੇ ਵੀ ਪੈਂਦਾ ਹੈ। ਇਸ ਦੀ ਰੋਕਥਾਮ ਲਈ ਅੱਧ ਸਤੰਬਰ ਵਿਚ ਬੋਰਡੋ ਮਿਸ਼ਰਨ (2:2:250) ਦਾ 500 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰਨਾ ਚਾਹੀਦਾ ਹੈ।

ਨਿੰਬੂ

ਨਿੰਬੂ ਜਾਤੀ ਦੇ ਬੂਟਿਆਂ ਦਾ ਟਹਿਣੀਆਂ ਦੇ ਰੋਗ ਨਾਲ ਟਹਿਣੀਆਂ ਸੁੱਕ ਜਾਂਦੀਆਂ ਹਨ। ਗੋਲ ਚਟਾਕ ਪੱਤਿਆਂ 'ਤੇ ਪੈਦਾ ਹੋਣ ਕਰਕੇ ਫਲ਼ ਗਲਣ ਲੱਗ ਜਾਂਦਾ ਹੈ। ਇਸ ਦੀ ਰੋਕਥਾਮ ਲਈ ਰੋਗੀ ਟਹਿਣੀਆਂ ਫਰਵਰੀ ਦੇ ਮਹੀਨੇ ਕੱਟ ਦਿਉ ਅਤੇ ਬੋਰਡੋ ਮਿਸ਼ਰਣ (2:2:250 ਜਾਂ 50 ਪ੍ਰਤੀਸ਼ਤ ਕੋਪਰ ਆਕਸੀਕਲੋਰਾਈਡ (0.31 ਪ੍ਰਤੀਸ਼ਤ) ਦਾ ਛਿੜਕਾਅ ਸਤੰਬਰ ਵਿਚ ਕਰੋ।

ਅਮਰੂਦ

ਬਰਸਾਤ ਰੁੱਤ ਵਿਚ ਅਮਰੂਦ ਦੇ ਬੂਟਿਆਂ ਦਾ ਮੁਰਝਾਉਣ ਦਾ ਰੋਗ ਵੀ ਬਹੁਤ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਇਸ ਰੋਗ ਨਾਲ ਟਾਹਣੀਆਂ ਰੋੜੀਆਂ ਹੋ ਜਾਂਦੀਆਂ ਹਨ। ਪੱਤੇ ਵਿਰਲੇ ਅਤੇ ਪੀਲੇ ਹੋ ਕੇ ਮੁਰਝਾ ਜਾਂਦੇ ਹਨ। ਇਸ ਦੀ ਰੋਕਥਾਮ ਲਈ ਮਿੱਟੀ ਨੂੰ 2 ਪ੍ਰਤੀਸ਼ਤ ਫਾਰਮਾਲੀਨ ਦੇ ਘੋਲ ਨਾਲ ਗਿੱਲੀ ਕਰਕੇ ਉਪਰੋਂ ਸਰਕੰਡੇ ਜਾਂ ਗਿੱਲੀਆਂ ਬੋਰੀਆਂ ਨਾਲ ਢੱਕ ਦਿਓ ਅਮਰੂਦ ਦੇ ਸਿਹਤਮੰਦ ਬੂਟੇ ਚੰਗੇ ਪਾਣੀ ਦੇ ਨਿਕਾਸ ਵਾਲੀ ਜ਼ਮੀਨ ਵਿਚ ਲਾਓ। ਮੁਰਝਾਉਣ ਦੇ ਰੋਗ ਤੋਂ ਇਲਾਵਾ ਫਲ਼ ਦਾ ਗਲਣਾ/ਟਾਹਣੀਆਂ ਸੁੱਕਣਾ ਵੀ ਅਮਰੂਦ ਦੀ ਮੁੱਖ ਸਮੱਸਿਆ ਹੈ। ਇਸ ਦਾ ਜ਼ਿਆਦਾ ਹਮਲਾ ਪੱਕੇ ਰਸੇ ਫਲ਼ 'ਤੇ ਵਧੇਰੇ ਹੁੰਦਾ ਹੈ। ਫਲ਼ਾਂ ਉਪਰ ਡੂੰਘੇ ਗੋਲ ਭੂਰੇ ਰੰਗ ਦੇ ਚਟਾਖ਼ ਪੈ ਜਾਂਦੇ ਹਨ। ਇਸ ਬਿਮਾਰੀ ਨਾਲ ਛੋਟੇ ਬੂਟੇ ਦੀਆਂ ਸ਼ਾਖਾਂ 'ਤੇ ਪੱਤੇ ਵੀ ਪ੍ਰਭਾਵਤ ਹੁੰਦੇ ਹਨ ਅਤੇ ਕਰੂੰਬਲਾਂ ਸੁੱਕ ਜਾਂਦੀਆਂ ਹਨ। ਇਸ ਦੀ ਰੋਕਥਾਮ ਲਈ ਪਾਣੀ ਨੂੰ ਬੂਟਿਆਂ ਦੀਆਂ ਦੌਰਾਂ ਵਿਚ ਖੜਨ ਨਾ ਦਿਓ। ਰੋਗੀ ਫਲ਼ ਅਤੇ ਸੁੱਕੀਆਂ ਸ਼ਾਖਾ ਕੱਟਣ ਉਪਰੰਤ 300 ਗ੍ਰਾਮ ਬਲਾਈਟੌਕਸ ਜਾਂ ਕੈਪਟਾਨ ਨੂੰ 100 ਲਿਟਰ ਪਾਣੀ ਵਿਚ ਘੋਲ ਕੇ 10-15 ਦਿਨਾਂ ਦੇ ਵਕਫੇ 'ਤੇ ਸਪਰੇਅ ਕਰੋ। ਉਪਰੋਕਤ ਫਲ਼ਾਂ ਦੀਆਂ ਸਮੱਸਿਆਵਾਂ ਤੋਂ ਇਲਾਵਾ ਪਪੀਤੇ ਦੇ ਮੁੱਢਾਂ ਅਤੇ ਤਣੇ ਦਾ ਗਲਣਾ ਵੀ ਇਸ ਰੁੱਤ ਵਿਚ ਆਮ ਵੇਖਣ ਨੂੰ ਮਿਲਦਾ ਹੈ। ਇਸ ਬਿਮਾਰੀ ਨਾਲ ਬੂਟੇ ਦੀਆਂ ਜੜ੍ਹਾਂ ਅਤੇ ਤਣਾ ਗਲ ਜਾਂਦੇ ਹਨ। ਇਸ ਨਾਲ ਪੱਤੇ ਪੀਲੇ ਪੈ ਜਾਂਦੇ ਹਨ। ਬੂਟੇ ਅਤੇ ਫਲ਼ ਦਾ ਵਾਧਾ ਰੁਕ ਜਾਂਦਾ ਹੈ। ਇਸ ਦੀ ਰੋਕਥਾਮ ਲਈ ਚੰਗਾ ਜਲ ਨਿਕਾਸ ਕਰੋ ਅਤੇ ਹਮਲੇ ਵਾਲੇ ਸਾਰੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ। •

ਕਿਵੇਂ ਕਰੀਏ ਪਾਣੀ ਵਾਲੀ ਮੋਟਰ ਦੀ ਸੰਭਾਲ

• ਜਸਵਿੰਦਰ ਸਿੰਘ

ਪੰਜਾਬ ਵਿਚ ਕਣਕ ਝੋਨੇ ਦੇ ਫ਼ਸਲੀ ਚੱਕਰ ਨੂੰ ਬਦਲਣ ਲਈ ਸਰਕਾਰ ਨੇ ਭਾਵੇਂ ਬਹੁਤ ਜ਼ੋਰ ਦਿੱਤਾ ਪਰ ਇਸ ਵਿਚ ਸਫ਼ਲਤਾ ਪ੍ਰਾਪਤ ਨਹੀਂ ਹੋਈ। ਜ਼ਿਆਦਾ ਝੋਨਾ ਲੱਗਣ ਨਾਲ ਪੰਜਾਬ ਵਿਚ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਹੈ। ਪਾਣੀ ਦੀ ਜ਼ਿਆਦਾ ਲੋੜ ਕਰਕੇ ਖੇਤਾਂ ਵਿਚ ਜ਼ਿਆਦਾ ਮਾਤਰਾ ਵਿਚ ਮੋਟਰਾਂ ਲੱਗ ਗਈਆਂ ਹਨ। ਕਿਸਾਨ ਨੇ ਮੋਟਰਾਂ ਜ਼ਿਆਦਾ ਡੂੰਘੇ ਟੋਏ ਪੁੱਟ ਕੇ ਰੱਖੀਆਂ ਹੋਈਆਂ ਹਨ, ਜਿਸ ਕਰਕੇ ਮੋਟਰਾਂ ਦੀ ਸੰਭਾਲ 'ਤੇ ਵੀ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਮੋਟਰ ਛੇਤੀ ਖ਼ਰਾਬ ਨਾ ਹੋਵੇ ਅਤੇ ਬਹੁਤੀ ਖੱਜਲ ਖੁਆਰੀ 'ਤੇ ਪੈਸੇ ਦੀ ਬੱਚਤ ਕੀਤੀ ਜਾ ਸਕੇ। ਜੇ ਅਸੀਂ ਇਨ੍ਹਾਂ ਗੱਲਾਂ ਵੱਲ ਧਿਆਨ ਦੇਵਾਂਗੇ ਤਾਂ ਆਪਣੀ ਮੋਟਰ ਜ਼ਿਆਦਾ ਦੇਰ ਤੱਕ ਠੀਕ ਰੱਖ ਸਕਦੇ ਹਾਂ।

• ਅੱਜ ਕੱਲ੍ਹ ਮੋਟਰਾਂ ਟੋਆ ਪੁੱਟ ਕੇ ਵੀਹ ਤੋਂ 50 ਫੁੱਟ ਤੱਕ ਰੱਖੀਆਂ ਹੋਈਆਂ ਹਨ। ਇਸ ਲਈ ਟੋਏ ਵਿਚ ਮੋਟਰ ਥੜ੍ਹੀ ਬੰਨ੍ਹ ਕੇ ਜਾਂ ਐਂਗਲ ਲਗਾ ਕੇ ਘੱਟੋ ਘੱਟ ਧਰਤੀ ਤੋਂ ਦੋ ਫੁੱਟ ਉਪਰ ਰੱਖੋ ਤਾਂ ਜੋ ਟੋਏ ਵਿਚ ਥੋੜ੍ਹਾ ਪਾਣੀ ਪੈਣ 'ਤੇ ਮੋਟਰ ਨੂੰ ਪਾਣੀ ਨਾ ਲੱਗੇ।

• ਝੋਨਾ ਲਗਾਉਣ ਤੋਂ ਪਹਿਲਾ ਮੋਟਰ ਨੂੰ ਵਾਰਨਿਸ਼ 'ਤੇ ਗਰੀਸ ਜ਼ਰੂਰ ਕਰੋ। ਨਾਲ ਹੀ ਸਟਾਰਟਰ ਦੀਆਂ ਪੱਤੀਆਂ ਵੀ ਬਦਲ ਦਿਓ।

• ਕੋਸ਼ਿਸ਼ ਕਰੋ ਕਿ ਮੋਟਰ ਨੂੰ ਸਟਾਰਟਰ ਤੋਂ ਜਾਂਦੀ ਤਾਰ ਵਿਚ ਕੋਈ ਜੋੜ ਨਾ ਹੋਵੇ।

• ਗਰਮੀ ਦੇ ਸੀਜ਼ਨ ਵਿਚ ਮੋਟਰ ਨਾਲ ਵਾਧੂ ਪੱਖਾ ਲਗਾ ਦਿਓ ਤਾਂ ਜੋ ਮੋਟਰ ਗਰਮ ਨਾ ਹੋਵੇ।

• ਮੋਟਰ ਨੂੰ ਕਦੇ ਵੀ ਦੋ ਫੇਸ 'ਤੇ ਨਾ ਚਲਾਓ।

• ਮੋਟਰ ਨੂੰ ਦੋ ਤਿੰਨ ਦਿਨਾਂ ਬਾਅਦ ਚੈੱਕ ਕਰਦੇ ਰਹੋ ਕਿ ਮੋਟਰ ਜ਼ਿਆਦਾ ਗਰਮ ਤਾਂ ਨਹੀਂ ਹੁੰਦੀ। ਜੇ ਗਰਮ ਹੁੰਦੀ ਹੈ ਤਾਂ ਮਕੈਨਿਕ ਨੂੰ ਦਿਖਾਓ।

• ਮੋਟਰ ਦੀ ਡੋਰੀ ਵਿਚੋਂ ਪਾਣੀ ਨਾ ਨਿਕਲਣ ਦਿਓ।

• ਮੋਟਰ ਦੇ ਟੋਏ ਦੇ ਆਸ ਪਾਸ ਕਿਸੇ ਜਾਨਵਰ ਦੀ ਖੁੱਡ ਨਾ ਹੋਣ ਦਿਓ। • ਮੱਛੀ ਮੋਟਰ ਦੇ ਪੱਖੇ ਨੂੰ ਚੈੱਕ ਕਰੋ ਕਿ ਉਹ ਘੱਸ ਤਾਂ ਨਹੀਂ ਗਿਆ ਜੇ ਘੱਸ ਗਿਆ ਤਾਂ ਬਦਲ ਦਿਓ। • ਜੇ ਮੱਛੀ ਮੋਟਰ ਚੱਲਦੀ ਚੱਲਦੀ ਖੜ੍ਹ ਗਈ ਤਾਂ ਉਸ ਨੂੰ ਹੱਥ ਨਾ ਲਗਾਓ ਟੈਸਟ ਪਿੰਨ ਨਾਲ ਚੈੱਕ ਕਰੋ 'ਤੇ ਮਕੈਨਿਕ ਨੂੰ ਦਿਖਾਓ। ਜੇ ਤੁਸੀਂ ਉਪਰੋਕਤ ਗੱਲਾਂ ਦਾ ਧਿਆਨ ਰੱਖੋਗੇ ਤਾਂ ਯਕੀਨਨ ਤੁਹਾਡੀ ਮੋਟਰ ਦੀ ਉਮਰ ਲੰਮੀ ਹੋਵੇਗੀ। •

ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਿਹੈ ਖੇਤੀ ਆਧਾਰਿਤ ਮੈਂਥਾ ਉਦਯੋਗ ਤੇ ਕਾਸ਼ਤ

• ਅਮਰੀਕ ਸਿੰਘ ਢੀਂਡਸਾ

ਅੱਜ ਤੋਂ ਦੋ-ਢਾਈ ਦਹਾਕੇ ਪਹਿਲਾਂ ਰਵਾਇਤੀ ਖੇਤੀ ਤੋਂ ਹਟ ਕੇ ਪੰਜਾਬ ਦੇ ਖਾਸ ਕਰਕੇ ਜਲੰਧਰ ਜ਼ਿਲ੍ਹੇ ਵਿਚ ਇਕ ਨਵੀਂ ਫਸਲ ਦੀ ਕਾਸ਼ਤ ਦਾ ਰੁਝਾਨ ਪੈਦਾ ਹੋਇਆ ਸੀ ਤੇ ਇਸ ਨਾਲ ਖੇਤੀ ਵਿਚ ਇਕ ਨਵੀਂ ਕ੍ਰਾਂਤੀ ਆਉਣ ਦੀ ਸੰਭਾਵਨਾ ਦਿਸਣ ਲੱਗੀ ਕਿਉਂਕਿ ਇਹ ਪੰਜਾਬ ਦੀ ਧਰਤੀ ਦੇ ਬਿਲਕੁਲ ਅਨੁਕੂਲ ਹੈ। ਇਸ ਦੀਆਂ ਪ੍ਰਚੱਲਤ ਕਿਸਮਾਂ ਪੰਜਾਬ ਸਪੀਅਰ ਮੈਂਟ, ਕੋਸੀ, ਰਸ਼ੀਅਨ ਮਿੰਟ, ਸ਼ਿਵਾਲਿਕ ਦੀ ਕਿਸਾਨਾਂ ਵੱਲੋਂ ਨਾ ਸਿਰਫ ਕਾਸ਼ਤ ਹੀ ਕੀਤੀ ਸਗੋਂ ਇਸ ਤੋਂ ਤੇਲ ਕੱਢਣ ਲਈ ਵੱਡੀ ਪੱਧਰ 'ਤੇ ਉਦਯੋਗ (ਮੈਂਥਾ ਪਲਾਂਟ) ਵੀ ਸਥਾਪਿਤ ਕਰ ਲਏ। ਕਿਸਾਨਾਂ ਨੂੰ ਪਹਿਲਾਂ-ਪਹਿਲਾਂ ਇਸ ਉਪਜ ਦੀ ਕੀਮਤ ਵੀ ਚੰਗੀ ਮਿਲੀ ਜਿਸ ਕਾਰਨ ਮੈਂਥੇ ਦੀ ਕਾਸ਼ਤ ਹੇਠ 18000 ਹੈਕਟੇਅਰ ਰਕਬਾ ਜੋ ਅੱਜ 10000 ਹੈਕਟੇਅਰ ਤੋਂ ਵੀ ਘਟ ਗਿਆ। ਕਿਸਾਨਾਂ ਵੱਲੋਂ ਸਾਉਣੀ ਦੀ ਫਸਲ ਦੀ ਕਟਾਈ ਉਪਰੰਤ ਖੇਤ ਖਾਲੀ ਰੱਖ ਕੇ ਸ਼ੁਰੂ ਜਨਵਰੀ ਵਿਚ ਮੈਂਥੇ ਦੀ ਕਾਸ਼ਤ ਆਰੰਭ ਕੀਤੀ ਜਾਂਦੀ ਹੈ। ਇੰਡੋਮਿੰਟ ਕੰਪਨੀ ਵੱਲੋਂ ਕਿਸਾਨਾਂ ਨਾਲ ਐਗਰੀਮੈਂਟ ਕਰਕੇ ਇਸ ਦੀ ਬਿਜਾਈ ਅਕਤੂਬਰ ਵਿਚ ਹੀ ਕਰਵਾ ਦਿੱਤੀ ਜਾਂਦੀ ਸੀ ਜਿਸ ਤੋਂ ਜ਼ਿਆਦਾ ਝਾੜ ਪ੍ਰਾਪਤ ਹੁੰਦਾ ਰਿਹਾ। ਪ੍ਰੰਤੂ ਬਾਅਦ ਵਿਚ ਇਹ ਕੰਪਨੀ ਵੀ ਹੱਥ ਖੜ੍ਹੇ ਕਰ ਗਈ। ਪਹਿਲਾਂ-ਪਹਿਲਾਂ ਪ੍ਰਤੀ ਏਕੜ ਵਿਚੋਂ 60-70 ਕਿੱਲੋ ਤੇਲ ਝਾੜ ਮਿਲਦਾ ਰਿਹਾ ਜਿਸ ਤੋਂ ਕਿਸਾਨ ਕਾਫੀ ਸਤੁੰਸ਼ਟ ਰਿਹਾ ਪ੍ਰੰਤੂ ਮੌਸਮ ਦੇ ਬਦਲਦੇ ਮਿਜਾਜ਼

ਪਟਿਆਲਾ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਹੁਲਾਰਾ, ਜੀਨਗਰ ਸਮਾਜ ਦੇ ਮੈਂਬਰ ਪ੍ਰਧਾਨ ਰਾਕੇਸ਼ ਜੋਇਆ ਦੀ ਅਗਵਾਈ ਹੇਠ ਐਨ ਕੇ ਸ਼ਰਮਾ ਦੀ ਹਾਜ਼ਰੀ 'ਚ ਅਕਾਲੀ ਦਲ 'ਚ ਹੋਏ ਸ਼ਾਮਲ

ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਜੀਨਗਰ ਸਮਾਜ ਦੇ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕਰਦੇ ਹੋਏ। ਨਾਲ ਪ੍ਰੋ. ਸੁਮੇਰ ਸੀੜਾ ਵੀ ਨਜ਼ਰ ਆ ਰਹੇ ਹਨ।

ਪਟਿਆਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਪਾਰਲੀਮਾਨੀ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ ਜਦੋਂ ਪਾਰਟੀ ਦੇ ਮੀਤ ਪ੍ਰਧਾਨ ਪ੍ਰੋ. ਸੁਮੇਰ ਸੀੜਾ ਦੀ ਪ੍ਰੇਰਨਾ ਸਦਕਾ ਜੀਨਗਰ ਸਮਾਜ ਦੇ ਪ੍ਰਧਾਨ ਰਾਕੇਸ਼ ਕੁਮਾਰ ਜੋਇਆ ਦੀ ਅਗਵਾਈ ਹੇਠ ਸਮਾਜ ਦੇ ਮੈਂਬਰ ਸਮੂਹਿਕ ਤੌਰ 'ਤੇ ਪਾਰਟੀ ਦੇ ਉਮੀਦਵਾਰ ਐਨ ਕੇ ਸ਼ਰਮਾ ਦੀ ਹਾਜ਼ਰੀ ਵਿਚ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ।

ਇਹਨਾਂ ਸਾਰੇ ਮੈਂਬਰਾਂ ਨੂੰ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੀ ਆਇਆਂ ਕਹਿੰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਜੀਨਗਰ ਸਮਾਜ ਪਟਿਆਲਾ ਦਾ ਇਕ ਅਹਿਮ ਹਿੱਸਾ ਹੈ ਜੋ ਪੰਜਾਬੀ ਜੁੱਤੀਆਂ ਬਣਾ ਕੇ ਵੇਚ ਕੇ ਆਪਣਾ ਪਾਲਣ ਪੋਸ਼ਣ ਕਰਦਾ ਹੈ ਪਰ ਮੰਦੇਭਾਗਾਂ ਨੂੰ ਇਹਨਾਂ ਦੇ ਰੋਜ਼ਗਾਰ ਨੂੰ ਸੰਭਾਲਣ ਲਈ ਕਾਂਗਰਸ ਤੇ ਆਪ ਸਰਕਾਰ ਨੇ ਕੁਝ ਨਹੀਂ ਕੀਤਾ। ਉਹਨਾਂ ਕਿਹਾ ਕਿ ਹੁਣ ਉਹ ਭਰੋਸਾ ਦੁਆਉਂਦੇ ਹਨ ਕਿ ਸੂਬੇ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਉਹ ਕਲੱਸਟਰ ਬਣਾ ਕੇ ਇਹਨਾਂ ਦੇ ਰੋਜ਼ਗਾਰ ਨੂੰ ਉਤਸ਼ਾਹਿਤ ਕਰਨ, ਇਹਨਾਂ ਦੇ ਪ੍ਰੋਡਕਟ ਦੀ ਮਾਰਕੀਟਿੰਗ ਕਰਨ ਸਮੇਤ ਸਾਰੀਆਂ ਸਹੂਲਤਾਂ ਉਪਲਬਧ ਕਰਵਾਉਣਗੇ ਤਾਂ ਜੋ ਇਹਨਾਂ ਦੇ ਇਸ ਅਨੋਖੇ ਤੇ ਵਿਲੱਖਣ ਕਾਰੋਬਾਰ ਨੂੰ ਬੁਲੰਦੀਆਂ 'ਤੇ ਪਹੁੰਚਾਇਆ ਜਾ ਸਕੇ।

ਇਸ ਮੌਕੇ ਪ੍ਰੋ. ਸੁਮੇਰ ਸੀੜਾ ਨੇ ਕਿਹਾ ਕਿ ਉਹ ਜੀਨਗਰ ਸਮਾਜ ਦੇ ਧੰਨਵਾਦੀ ਹਨ ਜਿਹਨਾਂ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ ਹੈ। ਉਹਨਾਂ ਕਿਹਾ ਕਿ ਇਹ ਸਮਾਜ ਹਮੇਸ਼ਾ ਹੀ ਨਿੱਜੀ ਤੌਰ 'ਤੇ ਉਹਨਾਂ ਨਾਲ ਜੁੜਿਆ ਰਿਹਾ ਹੈ ਤੇ ਉਹ ਭਰੋਸਾ ਦੁਆਉਂਦੇਹਨ ਕਿ ਜੀਨਗਰ ਸਮਾਜ ਵਾਸਤੇ ਉਹ ਜੋ ਸੰਭਵ ਹੋਇਆ ਜ਼ਰੂਰ ਕਰਨਗੇ ਅਤੇ ਪਾਰਟੀ ਦੇ ਆਗੂ ਐਨ ਕੇ ਸ਼ਰਮਾ ਨੇ ਤਾਂ ਜੋ ਇਹਨਾਂ ਲਈ ਐਲਾਨ ਕਰ ਦਿੱਤਾ ਹੈ, ਉਸਨੂੰ ਅਮਲੀ ਜਾਮਾ ਪਹਿਨਾਇਆ ਜਾਣਾ ਹੁਣ ਕੁਝ ਸਮੇਂ ਦੀ ਹੀ ਗੱਲ ਹੈ।

ਇਸ ਮੌਕੇ ਅਕਾਲੀ ਦਲ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਜੀਨਗਰ ਸਮਾਜ ਪ੍ਰਧਾਨ ਰਾਕੇਸ਼ ਕੁਮਾਰ ਜੋਇਆ, ਜਨਰਲ ਸਕੱਤਰ ਰਾਧਾ ਕ੍ਰਿਸ਼ਨ ਜੋਇਆ, ਮੈਨੇਜਰ ਰਾਜ ਕੁਮਾਰ ਸਿਸੋਦੀਆ, ਸਲਾਹਕਾਰ ਬੁੱਧਰਾਮ ਜੋਇਆ, ਸੁਨੀਲ ਕੁਮਾਰ ਡਾਬੀ ਮੈਂਬਰ, ਵਿਨੋਦ ਕੁਮਾਰ ਜੋਇਆ ਸਮਾਜ ਸੇਵਕ, ਜਯੋਤੀ ਗਹਿਲੋਤ ਸਮਾਜ ਸੇਵਕ, ਅਸ਼ੋਕ ਖੱਤਰੀ ਮੈਂਬਰ, ਬਾਬੂ ਲਾਲ ਜੀ ਡਾਬੀ ਮੈਂਬਰੀ, ਵਿੱਕੀ ਢਾਲੀਆ, ਮਨੋਹਰ ਸੋਲੰਕੀ, ਮਨੋਜ ਜੋਇਆ, ਕਮਲ ਸਿਸੋਦੀਆ, ਨਿਖਿਲ ਖੱਤਰੀ, ਦੇਵ ਸਿਸੋਦੀਆ, ਜੈਵੀਰ ਜੋਇਆ, ਜੈਪ੍ਰਕਾਸ਼ ਗਹਿਲੋਤ, ਪ੍ਰਕਾਸ਼ ਡਾਬੀ, ਕਨੱਈਆ ਲਾਲ ਸੋਲੰਕੀ, ਮੋਡੂਰਾਮ ਖੱਤਰੀ, ਸਨੀ ਗਹਿਲੋਤ, ਪ੍ਰਵੀਣ ਕੁਮਾਰ ਡਾਬੀ, ਪ੍ਰਕਾਸ਼, ਬ੍ਰਿਜਮੋਹਨ ਢਾਲੀਆ, ਕਿਸ਼ਨ ਚੌਹਾਨ, ਦਿਨੇਸ਼ ਡਾਬੀ ਸਕੱਤਰ ਤੇ ਭੀਮ ਜੋਇਆ ਮੈਂਬਰ ਨੇ ਵੀ ਅਕਾਲੀ ਦਲ ਵਿਚ ਸ਼ਮੂਲੀਅਤ ਕੀਤੀ।

ਇਸ ਮੌਕੇ ਪਾਰਟੀ ਆਗੂ ਹੈਪੀ ਲੋਹਟ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਪ੍ਰਭਾਵਹੀਣ ਰਹੀ ਨਰਿੰਦਰ ਮੋਦੀ ਦੀ ਰੈਲੀ: ਧਰਮਵੀਰ ਗਾਂਧੀ

ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦੇ ਹੋਏ ਡਾ. ਧਰਮਵੀਰ ਗਾਂਧੀ।

ਪਟਿਆਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਤੋਂ ਕਾਂਗਰਸ ਦੇ ਲੋਕ ਸਭਾ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਪਟਿਆਲਾ ਰੈਲੀ ਵਿੱਚ ਹੋਏ ਚਾਰ ਜ਼ਿਲ੍ਹਿਆਂ ਦੇ ਇਕੱਠ ਨੇ ਦਰਸਾ ਦਿੱਤਾ ਹੈ ਕਿ ਪੰਜਾਬ ਵਿਚ ਭਾਜਪਾ ਦਾ ਸੁਪੜਾ ਸਾਫ਼ ਹੋ ਗਿਆ ਹੈ ਕਿਉਂਕਿ ਅਨੇਕਾਂ ਕੋਸ਼ਿਸ਼ਾਂ ਦੇ ਬਾਵਜੂਦ ਰੈਲੀ ਪ੍ਰਭਾਵਹੀਣ ਰਹੀ ਤੇ ਪ੍ਰਧਾਨ ਮੰਤਰੀ ਦੇ ਪੱਧਰ ਦਾ ਇਕੱਠ ਕਰਨ ਵਿੱਚ ਚਾਰ ਜ਼ਿਲ੍ਹਿਆਂ ਦੇ ਭਾਜਪਾ ਆਗੂ ਨਾਕਾਮ ਰਹੇ। ਡਾ. ਗਾਂਧੀ ਪਟਿਆਲਾ ਦੇ ਲਾਗਲੇ ਪਿੰਡਾਂ ਵਿਚ ਪ੍ਰਚਾਰ ਕਰ ਰਹੇ ਸਨ। ਪ੍ਰਚਾਰ ਦੌਰਾਨ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਤੇ ਹੋਰ ਆਗੂ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਪੰਜਾਬ ਲਈ ਕੁਝ ਵੀ ਨਹੀਂ ਦੇ ਕੇ ਗਏ, ਸਗੋਂ ਉਹ ਲੋਕਾਂ ਨੂੰ ਧਰਮ ਦੇ ਲੋਲੀਪੌਪ ਦਾ ਚਟਕਾਰਾ ਦੇ ਗਏ ਹਨ, ਜਿਸ ਦਾ ਦੇਸ਼ ਦੀ ਵਿਕਾਸ ਨੀਤੀ ਨਾਲ ਕੋਈ ਸਬੰਧ ਨਹੀਂ ਹੈ, ਧਰਮ ਅਤੇ ਦੇਸ਼ ਦਾ ਵਿਕਾਸ ਦੋ ਵੱਖੋ ਵੱਖਰੇ ਮੁੱਦੇ ਹਨ, ਧਰਮ ਦੇ ਨਾਲ ਹਰ ਇਕ ਇਨਸਾਨ ਨੂੰ ਵਿਕਸਤ ਮੁਲਕ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨਾਲ ਜੋ ਪਟਿਆਲਾ ਵਿਚ ਅੱਜ ਬਦਸਲੂਕੀ ਕੀਤੀ ਗਈ ਹੈ ਉਹ ਵੀ ਕਿਸਾਨ ਦੇ ਕਾਂਗਰਸ ਯਾਦ ਰੱਖੇਗੀ।

ਡਾ. ਗਾਂਧੀ ਨੇ ਇੱਥੇ ਮਹਿਲਾ ਕਾਂਗਰਸ ਦੀਆਂ ਔਰਤਾਂ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਕੀਤੀ ਗੁੰਡਾਗਰਦੀ ਦਾ ਨੋਟਿਸ ਲਿਆ ਅਤੇ ਕਿਹਾ ਕਿ ਇਹ ਸਾਰੀ ਰਿਪੋਰਟ ਕਾਂਗਰਸ ਹਾਈਕਮਾਂਡ ਕੋਲ ਪੁੱਜਦੀ ਕੀਤੀ ਜਾਵੇਗੀ। ਉਨ੍ਹਾਂ ਅਗਲਾ ਫ਼ੈਸਲਾ ਕਰਨਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਇਨ੍ਹਾਂ ਹੁੱਲੜਬਾਜ਼ਾਂ ਨਾਲ ਕੀ ਸਲੂਕ ਕਰਨਾ ਹੈ। ਡਾ. ਗਾਂਧੀ ਨੇ ਕਿਹਾ ਕਿ ਅੱਜ ਸਮੁੱਚੇ ਦੇਸ਼ ਵਿੱਚ ਕਾਂਗਰਸ ਦੀ ਅਗਵਾਈ ਹੇਠ ਇੰਡੀਆ ਗੱਠਜੋੜ ਦੀ ਹਵਾ ਚੱਲ ਰਹੀ ਹੈ ਅਤੇ ਆਉਣ ਵਾਲੀ ਚਾਰ ਜੂਨ ਨੂੰ ਮੋਦੀ ਸਰਕਾਰ ਨੂੰ ਚੱਲਦਿਆਂ ਕਰਨ ਲਈ ਲੋਕ ਤਿਆਰ ਬੈਠੇ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਇਲਾਵਾ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜਿੰਨੀ ਜਲਦੀ 'ਆਪ' ਲੋਕਾਂ ਦੀਆਂ ਨਜ਼ਰਾਂ ਤੋਂ ਡਿੱਗੀ ਹੈ, ਐਨੀ ਜਲਦੀ ਕਦੇ ਵੀ ਕਿਸੇ ਪਾਰਟੀ ਵਿੱਚ ਨਿਘਾਰ ਨਹੀਂ ਆਇਆ। ਇਹ ਵੀ ਆਪਣੇ 'ਆਪ' ਵਿੱਚ ਇੱਕ ਰਿਕਾਰਡ ਹੈ। ਲੋਕ ਪੰਜਾਬ ਸਰਕਾਰ ਦੇ ਫੋਕੇ ਵਾਅਦਿਆਂ ਤੋਂ ਅੱਜ ਬੇਹੱਦ ਨਿਰਾਸ਼ ਹਨ ਅਤੇ ਲੋਕ ਕਾਂਗਰਸ ਨੂੰ ਹੀ ਕੇਂਦਰ ਵਿੱਚ ਭਾਜਪਾ ਦੇ ਇੱਕੋ ਇੱਕ ਬਦਲ ਵਜੋਂ ਦੇਖ ਰਹੇ ਹਨ।

ਪਟੇਲ ਕਾਲਜ ਵਿੱਚ ਵਾਤਾਵਰਨ ਸਿੱਖਿਆ ਪ੍ਰੋਗਰਾਮ

ਸਮਾਗਮ ਵਿੱਚ ਆਏ ਮਹਿਮਾਨਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਰਾਜਪੁਰਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟੇਲ ਮੈਮੋਰੀਅਲ ਕਾਲਜ ਦੇ ਸਾਇੰਸ ਵਿਭਾਗ ਵੱਲੋਂ ਨੋਡਲ ਅਫ਼ਸਰ ਡਾ. ਦਲਵੀਰ ਕੌਰ ਅਤੇ ਡਾ. ਜਸਨੀਤ ਕੌਰ ਦੀ ਅਗਵਾਈ ਹੇਠ ਪੰਜਾਬ ਜੈਵਿਕ ਵਿਭਿੰਨਤਾ ਬੋਰਡ ਦੇ ਸਹਿਯੋਗ ਨਾਲ ਕੌਮਾਂਤਰੀ ਜੈਵਿਕ ਵਿਭਿੰਨਤਾ ਦਿਵਸ ਮਨਾਉਣ ਲਈ ਇੱਕ ਰੋਜ਼ਾ ਵਾਤਾਵਰਨ ਸਿੱਖਿਆ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਡਾ. ਓਂਕਾਰ ਸਿੰਘ ਪ੍ਰੋਫੈਸਰ ਜ਼ੂਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪੰਜਾਬ ਵਿੱਚ ਜੈਵਿਕ ਵਿਭਿੰਨਤਾ ਦੀ ਸਥਿਤੀ, ਇਸ ਦੇ ਖ਼ਤਰਿਆਂ ਅਤੇ ਸੰਭਾਲ ਬਾਰੇ ਇੱਕ ਜਾਗਰੂਕਤਾ ਭਾਸ਼ਣ ਦਿੱਤਾ। ਉਨ੍ਹਾਂ ਨੇ ਪੰਛੀਆਂ, ਮੱਛੀਆਂ, ਰੀਂਗਣ ਵਾਲੇ ਜੀਵ-ਜੰਤੂਆਂ ਦੀਆਂ ਵੱਖ-ਵੱਖ ਪ੍ਰਜਾਤੀਆਂ ਦੇ ਨੁਕਸਾਨ ਤੇ ਪ੍ਰਦੂਸ਼ਣ ਅਤੇ ਹੋਰ ਮਨੁੱਖੀ ਗਤੀਵਿਧੀਆਂ ਦੇ ਪ੍ਰਭਾਵਾਂ 'ਤੇ ਚਰਚਾ ਕੀਤੀ। ਪ੍ਰੋਗਰਾਮ ਵਿੱਚ ਕਾਲਜ ਅਤੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਪ੍ਰੋ. ਸੋਮਿਆ, ਡਾ. ਸੁਖਮਨੀ ਕੌਰ, ਡਾ. ਵੰਦਨਾ, ਡਾ. ਮਨਦੀਪ ਸਿੰਘ, ਡਾ. ਤਰਨਜੀਤ ਸਿੰਘ ਤੇ ਡਾ. ਦੀਪਿਕਾ ਆਦਿ ਹਾਜ਼ਰ ਸਨ।

ਕਰਾਟੇ ਚੈਂਪੀਅਨਸ਼ਿਪ ਵਿੱਚ ਮਾਤਾ ਗੁਜਰੀ ਸਕੂਲ ਦੇ ਖਿਡਾਰੀਆਂ ਨੇ ਤਗ਼ਮੇ ਜਿੱਤੇ

ਸਕੂਲ ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਨਾਲ ਜੇਤੂ ਖਿਡਾਰੀ।

ਦੇਵੀਗੜ੍ਹ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇਵੀਗੜ੍ਹ ਦੇ ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਕਰਾਟੇ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਹ ਟੂਰਨਾਮੈਂਟ ਲੰਘੀ ਦਿਨੀਂ ਹਿੰਦੂ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਤ੍ਰਿਪੜੀ ਵਿੱਚ ਕਰਵਾਇਆ ਗਿਆ, ਜਿਸ ਵਿੱਚ 250 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ। ਇਸ ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇ 41 ਖਿਡਾਰੀਆਂ ਨੇ ਭਾਗ ਲੈ ਕੇ ਤਗ਼ਮੇ ਆਪਣੇ ਨਾਮ ਕੀਤੇ। ਇਨ੍ਹਾਂ ਖਿਡਾਰੀਆਂ ਨੂੰ ਮੌਜੂਦਾ ਅਧਿਕਾਰੀਆਂ ਨੇ ਸਨਮਾਨਿਤ ਕੀਤਾ।

ਜ਼ਿਕਰਯੋਗ ਹੈ ਕਿ ਇਸ ਟੂਰਨਾਮੈਂਟ ਵਿੱਚ ਖਿਡਾਰੀਆਂ ਨੇ 4 ਸੋਨ ਤਗ਼ਮੇ, 15 ਚਾਂਦੀ ਦੇ ਤਗ਼ਮੇ ਅਤੇ 22 ਕਾਂਸੀ ਦੇ ਤਗ਼ਮੇ ਜਿੱਤੇ ਹਨ।

ਇਸ ਮੌਕੇ ਸਕੂਲ ਦੇ ਪ੍ਰਧਾਨ ਰਵਿੰਦਰ ਕੌਰ, ਡਾਇਰੈਕਟਰ ਭੂਪਿੰਦਰ ਸਿੰਘ, ਪ੍ਰਿੰਸੀਪਲ ਤਰਨਦੀਪ ਕੌਰ ਅਰੋੜਾ ਅਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਉਪਲੱਬਧੀ ਲਈ ਵਧਾਈ ਦਿੱਤੀ।

ਡਾ. ਬੀਐੱਸ ਸੰਧੂ ਸਕੂਲ ਦੇ ਵਿਦਿਆਰਥੀਆਂ ਨੂੰ 14 ਤਗ਼ਮੇ

ਜੁਲਾਹਖੇੜੀ ਸਥਿਤ ਡਾ. ਬੀਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਲੰਘੀ ਕੱਲ੍ਹ ਹਿੰਦੂ ਪਬਲਿਕ ਸਕੂਲ ਵਿੱਚ ਹੋਈ ਜ਼ਿਲ੍ਹਾ ਪਟਿਆਲਾ ਕਰਾਟੇ ਚੈਂਪੀਅਨਸ਼ਿਪ 2024 ਵਿੱਚ ਇਸ ਸਕੂਲ ਦੇ ਖਿਡਾਰੀਆਂ ਨੇ ਭਾਗ ਲੈਂਦਿਆਂ ਜਿੱਤ ਹਾਸਲ ਕੀਤੀ ਅਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਵਿੱਚ ਹੀ ਕੁੱਲ 14 ਤਗਮੇ ਸਕੂਲ ਦੀ ਝੋਲੀ ਪਾਏ ਹਨ। ਇਨ੍ਹਾਂ ਵਿੱਚੋਂ ਮਨਰੀਤ ਕੌਰ, ਸ਼ੁਭਰੀਤ ਸਿੰਘ, ਯੁਗਰਾਜ ਸਿੰਘ, ਸੌਰਵ, ਹਿਮਾਂਸ਼ੂ, ਜਤਿੰਦਰ ਕੁਮਾਰ ਅਤੇ ਗੁਰਵਿੰਦਰ ਸਿੰਘ ਨੇ ਸੋਨ ਤਗਮਾ, ਯੁਵਰਾਜ ਸਿੰਘ, ਯਸ਼ਦੀਪ ਸਿੰਘ, ਗੁਰਤਾਜਵੀਰ ਸਿੰਘ, ਨਵਦੀਪ ਸਿੰਘ ਨੇ ਚਾਂਦੀ, ਗੁਰਸ਼ਰਨ ਸਿੰਘ ਅਤੇ ਅਭਿਰਾਜਵੀਰ ਸਿੰਘ ਨੇ ਕਾਂਸੇ ਦਾ ਤਗਮੇ ਹਾਸਲ ਕੀਤਾ ਹੈ। ਇਸ ਮੌਕੇ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਤਗਮੇ ਪਾ ਕੇ ਅਤੇ ਕਰਾਟੇ ਕੋਚ ਰਵਿੰਦਰ ਸਿੰਘ ਅਤੇ ਸਪੋਰਟਸ ਇੰਚਾਰਜ ਅਵਤਾਰ ਸਿੰਘ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਚੇਅਰਮੈਨ ਹਰਦੀਪ ਸਿੰਘ ਸੰਧੂ, ਪ੍ਰਿੰਸੀਪਲ ਰਜਿੰਦਰ ਕੌਰ ਸੰਧੂ ਅਤੇ ਵਾਈਸ ਪ੍ਰਿੰਸੀਪਲ ਨੀਲਮਾ ਦੀਕਸ਼ਿਤ ਨੇ ਜੇਤੂ ਖਿਡਾਰੀਆਂ ਨੂੰ ਜਿੱਤ ਦੀ ਵਧਾਈ ਦਿੱਤੀ।

ਪਟਿਆਲਾ ਵਾਸੀਆਂ ਦੇ ਸੁਪਨਿਆਂ ਨੂੰ ਮੈਂ ਕਰਾਂਗਾ ਪੂਰਾ : ਐਨ.ਕੇ. ਸ਼ਰਮਾ

ਉਮੀਦਾਂ 'ਤੇ ਖਰਾ ਨਹੀਂ ਉਤਰਿਆ ਤਾਂ ਦੁਬਾਰਾ ਵੋਟਾਂ ਮੰਗਣ ਨਹੀਂ ਆਵਾਂਗਾ

ਪਾਤੜਾਂ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ.ਸ਼ਰਮਾ ਨੇ ਪਟਿਆਲਾ ਵਾਸੀਆਂ ਨੂੰ ਇਸ ਚੋਣ ਵਿੱਚ ਉਨ੍ਹਾਂ ਨੂੰ ਮੌਕਾ ਦੇਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਇੱਕ ਸੰਸਦ ਮੈਂਬਰ ਤੋਂ ਪਟਿਆਲਾ ਵਾਸੀਆਂ ਨੂੰ ਜੋ ਉਮੀਦਾਂ ਸਨ, ਉਨ੍ਹਾਂ ਨੂੰ ਉਹ ਪੂਰਾ ਕਰਨਗੇ। ਐਨ.ਕੇ. ਸ਼ਰਮਾ ਅੱਜ ਚੋਣ ਪ੍ਰਚਾਰ ਮੁਹਿੰਮ ਤਹਿਤ ਸ਼ੁਤਰਾਣਾ ਵਿਧਾਨ ਸਭਾ ਹਲਕੇ ਦੇ ਪਿੰਡ ਧਨੋਠਾ, ਮਾਵੀ ਕਲਾਂ, ਕੁਲਾਰਾਂ, ਕਕਰਾਲਾ, ਦੇਧਨਾ, ਘੱਗਾ, ਕਲਵਾਣੂ, ਡਰੋਲੀ, ਧੂਹੜ, ਪਾਤੜਾਂ ਦੇ ਲਈ ਵਾਰਡ ਨੰਬਰ ਇੱਕ, 12, 17, 5, ਸੱਤ, ਅੱਠ, ਨੌਂ ਅਤੇ 10 'ਚ ਹਲਕਾ ਇੰਚਾਰਜ ਬਾਬੂ ਕਬੀਰ ਦਾਸ ਦੀ ਅਗਵਾਈ ਹੇਠ ਆਯੋਜਿਤ ਜਨਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇੱਥੋਂ ਹੁਣ ਤੱਕ ਸੰਸਦ ਮੈਂਬਰ ਬਣੇ ਆਗੂਆਂ ਨੇ ਸੰਸਦ ਦੇ ਅਹੁਦੇ ਦੀ ਮਰਿਆਦਾ ਨੂੰ ਢਾਹ ਲਾਈ ਹੈ। ਇੱਥੋਂ ਚੁਣੇ ਗਏ ਸੰਸਦ ਮੈਂਬਰਾਂ ਨੇ ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾਉਣਾ ਤਾਂ ਦੂਰ ਦੀ ਗੱਲ, ਕਦੇ ਲੋਕ ਸਭਾ ਵਿੱਚ ਜਾ ਕੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਸ਼ਰਮਾ ਨੇ ਲੋਕ ਸਭਾ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਚੋਣ ਲੜ ਰਹੇ ਸਾਰੇ ਉਮੀਦਵਾਰਾਂ ਨੂੰ ਅਜ਼ਮਾ ਕੇ ਦੇਖ ਚੁੱਕੇ ਹਨ। ਇੱਕ ਮੌਕਾ ਉਨ੍ਹਾਂ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ। ਉਹ ਇਸ ਇਲਾਕੇ ਦੇ ਲੋਕਾਂ ਨੂੰ ਕਦੇ ਵੀ ਨਿਰਾਸ਼ ਨਹੀਂ ਕਰਨਗੇ। ਸ਼ਰਮਾ ਨੇ ਕਿਹਾ ਕਿ ਜੇਕਰ ਉਹ ਜਨਤਾ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰੇ ਤਾਂ ਉਹ ਮੁੜ ਕਦੇ ਵੀ ਇਸ ਹਲਕੇ 'ਚ ਵੋਟਾਂ ਮੰਗਣ ਨਹੀਂ ਆਉਣਗੇ। ਸ਼ਰਮਾ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਕਿ ਪਟਿਆਲਾ ਲੋਕ ਸਭਾ ਹਲਕੇ ਦੀਆਂ ਕੁਝ ਸਮੱਸਿਆਵਾਂ ਅਜਿਹੀਆਂ ਹਨ ਜੋ ਕਈ ਦਹਾਕਿਆਂ ਤੋਂ ਲਟਕ ਰਹੀਆਂ ਹਨ। ਪਟਿਆਲਾ ਤੋਂ ਹੁਣ ਤੱਕ ਸੰਸਦ ਮੈਂਬਰ ਰਹੀ ਪ੍ਰਨੀਤ ਕੌਰ

ਸਾਬਕਾ ਮੰਤਰੀ ਨੁਸਰਤ ਇਕਰਾਮ ਖਾਂ ਬੱਗਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ

ਮਲੇਰਕੋਟਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਮਲੇਰਕੋਟਲਾ ਦੀ ਸਿਆਸਤ ਚ ਉਸ ਵੇਲੇ ਵੱਡਾ ਧਮਾਕਾ ਹੋਇਆ ਜਦੋਂ ਮੌਜੂਦਾ ਵਿਧਾਇਕ ਡਾਕਟਰ ਮੁਹੰਮਦ ਜਮੀਲ ਨੂੰ ਰਹਿਮਾਨ ਦੀਆਂ ਕੋਸ਼ਿਸ਼ਾਂ ਸਦਕਾ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਹਾਜ਼ਰੀ ਵਿੱਚ ਸਾਬਕਾ ਮੰਤਰੀ ਨੁਸਰਤ ਇਕਰਾਮ ਖਾਂ ਬੱਗਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ। ਚੇਤੇ ਰਹੇ ਕੇ ਨੁਸਰਤ ਇਕਰਾਮ ਖਾਨ ਬੱਗਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿੱਚ ਖੇਡ ਮੰਤਰੀ ਰਹੇ ਹਨ, ਉਹਨਾਂ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੌਂਸਲਰ ਬੇਅੰਤ ਕਿੰਗਰ, ਸਾਬਕਾ ਯੂਥ ਪ੍ਰਧਾਨ ਮੁਹੰਮਦ ਅਸ਼ਰਫ ਕੁਰੈਸ਼ੀ, ਸਾਬਕਾ ਪ੍ਰਧਾਨ ਬੀਸੀ ਵਿੰਗ ਮੁਹੰਮਦ ਅਖਤਰ, ਯੂਥ ਅਕਾਲੀ ਦਲ ਦੇ ਜਨਰਲ ਸਕੱਤਰ ਸ਼ਾਹਿਦ ਅਲੀ ਅਤੇ ਸੁਖਦੇਵ ਸਿੰਘ ਨਾਰੋਮਾਜਰਾ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮੂਹ ਆਗੂਆਂ ਦਾ ਆਮ ਆਦਮੀ ਪਾਰਟੀ ਚ ਸ਼ਮੂਲੀਅਤ ਕਰਨ ਤੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਅਤੇ ਕਿਹਾ ਕਿ ਜਿਸ ਤਰ੍ਹਾਂ ਵਿਧਾਇਕ ਜਮੀਲ ਅੌਰ ਰਹਿਮਾਨ ਆਮ ਆਦਮੀ ਪਾਰਟੀ ਲਈ ਦਿਨ ਰਾਤ ਲੱਗੇ ਹੋਏ ਹਨ ਮੈਨੂੰ ਯਕੀਨ ਹੈ ਕਿ ਵਿਧਾਨ ਸਭਾ ਹਲਕਾ ਮਲੇਰਕੋਟਲਾ ਤੋਂ ਆਪ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰੇਗਾ। ਵਿਧਾਇਕ ਜਮੀਲ ਓਰ ਰਹਿਮਾਨ ਨੇ ਕਿਹਾ ਕਿ ਪਾਰਟੀ ਚ ਸ਼ਾਮਿਲ ਹੋਏ ਸਮੂਹ ਆਗੂਆਂ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

ਜਨ ਹਿੱਤ ਸੰਮਤੀ ਵਲੋਂ ਚਿਲਡਰਨਜ਼ ਪਾਰਕ ਵਿਖੇ ਬੱਚਿਆਂ ਲਈ ਝੂਲਿਆਂ ਦਾ ਲਗਾਉਣਾ ਸ਼ਲਾਘਾਯੋਗ ਉਪਰਾਲਾ: ਵਿਕਾਸ ਪੁਰੀ

ਪਟਿਆਲਾ, 27 ਮਈ
-ਅਮਰਜੀਤ ਸਿੰਘ ਲਾਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਚਿਲਡਰਨਜ਼ ਪਾਰਕ ਵਿਖੇ ਬੱਚਿਆਂ ਲਈ ਝੂਲਿਆਂ ਅਤੇ ਨੋਜਵਾਨਾਂ ਲਈ ਕਸਰਤ ਲਈ ਰੱਸਿਆਂ ਦਾ ਉਦਘਾਟਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਵਿਕਾਸ ਪੁਰੀ ਐਮ ਡੀ ਫਾਸਟਵੇ ਅਤੇ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਅਸ਼ਵਨੀ ਸ਼ਰਮਾ ਉਦਯੋਗਪਤੀ ਅਤੇ ਪ੍ਰੋਫੈਸਰ ਸੀੜਾ ਨੇ ਕੀਤੀ , ਪ੍ਰੋਗਰਾਮ ਦਾ ਉਦਘਾਟਨ ਸਮਾਜ ਸੇਵੀ ਜਸਬੀਰ ਸਿੰਘ ਢੀਂਡਸਾ ਨੇ ਕੀਤਾ,ਵਿਸ਼ੇਸ਼ ਤੌਰ ਤੇ ਜੀ ਐਸ ਆਨੰਦ ਸਾਬਕਾ ਡਾਇਰੈਕਟਰ ਐਨ ਆਈ ਐਸ,ਮੀਤ ਪ੍ਰਧਾਨ ਸੁਰਵਿੰਦਰ ਸਿੰਘ ਛਾਬੜਾ,ਮੀਤ ਪ੍ਰਧਾਨ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ,ਪ੍ਰੈਸ ਸਕੱਤਰ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ, ਸਤਪਾਲ ਪਰਾਸਰ, ਸਤੀਸ਼ ਜੋਸ਼ੀ, ਸਾਬਕਾ ਇੰਸਪੈਕਟਰ ਰਣਜੀਤ ਸਿੰਘ, ਰੁਦਰਪ੍ਰਤਾਪ ਸਿੰਘ,,ਲੱਕੀ ਹਰਦਾਸਪੁਰ, ਅਮਰਜੀਤ ਸਿੰਘ ਅਜਾਦ, ਡੀ ਪੀ ਸਿੰਘ,, ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਵਿਕਾਸ ਪੁਰੀ ਐਮ ਡੀ ਫਾਸਟਵੇ ਅਤੇ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਚਿਲਡਰਨਜ਼ ਪਾਰਕ ਵਿਖੇ ਬੱਚਿਆਂ ਲਈ ਝੂਲਿਆਂ ਅਤੇ ਨੋਜਵਾਨਾਂ ਦੇ ਕਸਰਤ ਲਈ ਰੱਸਿਆਂ ਦਾ ਲਗਾਉਣਾ ਸ਼ਲਾਘਾਯੋਗ ਉਪਰਾਲਾ ਹੈ ਉਹਨਾਂ ਕਿਹਾ ਕਿ ਇਸ ਨਾਲ ਬੱਚਿਆਂ ਵਿੱਚ ਖੇਡਾਂ ਵੱਲ ਰੁਚੀ ਪੈਦਾ ਹੁੰਦੀ ਹੈ ਅਤੇ ਉਹਨਾਂ ਦੇ ਸਰੀਰ ਤੰਦਰੁਸਤ ਰਹਿੰਦੇ ਹਨ, ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਸੰਸਥਾ ਵਲੋਂ ਲੋੜਵੰਦਾਂ ਦੀ ਮਦਦ ਕਰਨਾ ਸਭ ਤੋਂ ਉੱਤਮ ਸਮਾਜ ਸੇਵਾ ਹੈ ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਪਾਰਕਾ ਦੀ ਸਾਭ ਸੰਭਾਲ ਕਰਨੀ, ਲੋੜਵੰਦ ਲੜਕੀਆਂ ਦੇ ਵਿਆਹਾ ਵਿਚ ਮਦਦ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ,ਲੋੜਵੰਦਾਂ ਦੀ ਮਦਦ ਲਈ ਪੰਜ ਫਰੀ ਐਂਬੂਲੈਂਸ ਚਲਾਉਣੀਆਂ, ਰਾਜਿੰਦਰਾ ਹਸਪਤਾਲ ਵਿਚ ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸ ਾਈਕਲ, ਮੁਫ਼ਤ ਦੀਵਾਈਆ ਦੇਣੀਆਂ ਬਹੁਤ ਪ੍ਰਸੰਸਾਯੋਗ ਹੈ, ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਰਗੀ ਸਮਾਜ ਸੇਵੀ ਸੰਸਥਾ ਤੋਂ ਸੇਧ ਲੈ ਕੇ ਹੋਰਨਾਂ ਸੰਸਥਾਵਾਂ ਨੂੰ ਵੀ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਜੀ ਵਲੋਂ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਦੀ ਸੰਸਥਾ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕਰਦੀ ਰਹੇਗੀ।

ਜਨ ਹਿੱਤ ਸੰਮਤੀ ਵਲੋਂ ਚਿਲਡਰਨਜ਼ ਪਾਰਕ ਵਿਖੇ ਬੱਚਿਆਂ ਲਈ ਝੂਲਿਆਂ ਅਤੇ ਰੱਸਿਆਂ ਦਾ ਉਦਘਾਟਨ ਕਰਦੇ ਹੋਏ ਵਿਕਾਸ ਪੁਰੀ, ਬਲਜਿੰਦਰ ਸ਼ਰਮਾ ਪੰਜੋਲਾ , ਵਿਨੋਦ ਸ਼ਰਮਾ ਪਰਮਿੰਦਰ ਭਲਵਾਨ , ਜਤਵਿੰਦਰ ਗਰੇਵਾਲ, ਅਤੇ ਹੋਰ।

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਚ ਆਉਣ ਨਾਲ ਭਾਜਪਾ ਨੂੰ ਮਿਲਿਆ ਹੁੰਗਾਰਾ : ਕੇਵਲ ਕ੍ਰਿਸ਼ਨ ਜਿੰਦਲ

ਪਾਤੜਾਂ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਪਟਿਆਲਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਪ੍ਰਨੀਤ ਕੌਰ ਸਮੇਤ ਹੋਰਨਾਂ ਉਮੀਦਵਾਰਾਂ ਦੇ ਹੱਕ ਚ ਕੀਤੀ ਗਈ ਰੈਲੀ ਨਾਲ ਭਾਜਪਾ ਨੂੰ ਹੁੰਗਾਰਾ ਮਿਲੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕੇਵਲ ਕ੍ਰਿਸ਼ਨ ਜਿੰਦਲ ਨੇ ਕਿਹਾ ਕਿ ਚ ਭਾਜਪਾ ਵਲੋਂ ਬੇਸ਼ੁਮਾਰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਪੰਜਾਬ ਸਰਕਾਰ ਉਨ੍ਹਾਂ ਤੇ ਆਪਣੀ ਮੋਹਰ ਲਗਾ ਰਹੀ ਹੈ। ਪੰਜਾਬ ਦੇ ਲੋਕ ਭਾਜਪਾ ਦੀਆਂ

ਨੀਤੀਆਂ ਨਾਲ ਪੂਰੀ ਤਰਾਂ ਸਹਿਮਤ ਹਨ ਅਤੇ 13 ਦੀਆਂ 13 ਸੀਟਾਂ ਭਾਜਪਾ ਦੇ ਹਿੱਸੇ ਆਉਣਗੀਆਂ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚੋਣ ਸਭਾਵਾਂ ਨੂੰ ਸੰਬੋਧਨ ਕਰਨ ਲਈ ਪੰਜਾਬ ਚ ਆਏ ਹਨ। ਇਨ੍ਹਾਂ ਚੋਣ ਸਭਾਵਾਂ ਨਾਲ ਵੀ ਭਾਜਪਾ ਉਮੀਦਵਾਰਾਂ ਨੂੰ ਬਹੁਤ ਵੱਡਾ ਬਲ ਮਿਲੇਗਾ ਅਤੇ ਕੇਂਦਰ ਚ ਦੁਬਾਰਾ ਫਿਰ ਮੋਦੀ ਸਰਕਾਰ ਬਣਨ ਜਾ ਰਹੀ ਹੈ। ਹੁਣ ਪੰਜਾਬ ਅਤੇ ਦਿੱਲੀ ਚੋਂ ਆਮ ਆਦਮੀ ਪਾਰਟੀ ਦਾ ਸਫ਼ਾਇਆ ਹੋ ਜਾਵੇਗਾ।

ਭ੍ਰਿਸ਼ਟਾਚਾਰ ਖਤਮ ਕਰਨ ਦਾ ਵਾਅਦਾ ਕਰਨ ਵਾਲੀ ਪਾਰਟੀ ਦਾ ਮੁੱਖ ਮੰਤਰੀ ਚੋਣਾਂ ਤੋਂ ਬਾਅਦ ਦੁਬਾਰਾ ਫਿਰ ਜੇਲ੍ਹ ਚ ਚਲਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਭਾਜਪਾ ਨੂੰ ਵੱਧ ਤੋਂ ਵੱਧ ਵੋਟਾਂ ਦੇ ਕੇ ਜਿਤਾਉ।

ਆਮ ਆਦਮੀ ਪਾਰਟੀ ਪੰਜਾਬ ਵੱਲੋਂ ਆਜ਼ਮ ਦਾਰਾ ਨੂੰ ਘੱਟ ਗਿਣਤੀ ਵਿੰਗ ਪੰਜਾਬ ਦਾ ਸੀਨੀਅਰ ਵਾਈਸ ਪ੍ਰੈਜੀਡੈਂਟ ਬਣਾਇਆ ਗਿਆ

ਮਲੇਰਕੋਟਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਡਾਕਟਰ ਸੰਦੀਪ ਪਾਠਕ ਕੌਮੀ ਜਨਰਲ ਸਕੱਤਰ ਅਤੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਸਿੰਘ ਦੀ ਸਿਫਾਰਸ਼ ਤੇ ਮਾਲੇਰਕੋਟਲਾ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਉਦਯੋਗਪਤੀ ਸ੍ਰੀ ਸਰਦਾਰ ਮੁਹੰਮਦ ਦਾਰਾ ਦੇ ਪੁੱਤਰ ਸ੍ਰੀ ਆਜ਼ਮ ਦਾਰਾ ਨੂੰ ਆਮ ਆਦਮੀ ਪਾਰਟੀ ਦੇ ਘੱਟ ਗਿਣਤੀ ਵਿੰਗ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ।

ਸ੍ਰੀ ਆਜਮਦਾਰਾ ਲੰਬੇ ਸਮੇਂ ਤੋਂ ਪਾਰਟੀ ਦੇ ਨਾਲ ਜੁੜ ਕੇ

ਆਪਣੀਆਂ ਸੇਵਾਵਾਂ ਪਾਰਟੀ ਨੂੰ ਦੇ ਰਹੇ ਸਨ । ਉਨਾਂ ਦੀ ਇਸ ਨਿਯੁਕਤੀ ਨੂੰ ਪਾਰਟੀ ਦੇ ਪ੍ਰਤੀ ਵਫਾਦਾਰੀ ਦਾ ਇਨਾਮ ਮੰਨਿਆ ਜਾ ਰਿਹਾ ਹੈ ◆ ਸ੍ਰੀ ਆਜ਼ਮ ਦਾਰਾ ਨੇ ਇਸ ਨਿਯੁਕਤੀ ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹੋਏ ਕਿਹਾ ਕਿ ਪਾਰਟੀ ਹਾਈ ਕਮਾਂਡ ਵੱਲੋਂ ਉਨਾਂ ਨੂੰ ਜੋ ਜਿੰਮੇਵਾਰੀ ਸੌਂਪੀ ਗਈ ਹੈ ਉਸ ਨੂੰ ਉਹ ਪੂਰੀ ਤਨਦੇਹੀ ਦੇ ਨਾਲ ਨਿਭਾਉਣਗੇ।

ਉਹਨਾਂ ਵਿਸ਼ਵਾਸ ਦਿਲਾਇਆ ਕਿ ਉਹ ਆਮ ਆਦਮੀ ਪਾਰਟੀ ਦੀ ਮਜਬੂਤੀ ਲਈ ਆਪਣੀਆਂ ਕੋਸ਼ਿਸ਼ਾਂ ਵਿੱਚ ਤੇਜੀ ਲਿਆਉਣਗੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦੇ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ।

ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਦੀ ਹਮਾਇਤ ਜ਼ਰੂਰੀ: ਮਜੀਠੀਆ

ਤਰਨ ਤਾਰਨ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦੇ ਹੱਕ ਵਿੱਚ ਅੱਜ ਇਲਾਕੇ ਦੇ ਪਿੰਡ ਕੱਦਗਿੱਲ ਵਿੱਚ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਵਿਰੋਧੀਆਂ ਅਤੇ ਖਾਸ ਕਰਕੇ 'ਆਪ' ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਲੋਕਾਂ ਨੂੰ ਵਲਟੋਹਾ ਦੇ ਪੱਖ ਵਿੱਚ ਵੋਟ ਦੇਣ ਦੀ ਅਪੀਲ ਕੀਤੀ। ਪਾਰਟੀ ਦੇ ਸੂਬਾ ਜਨਰਲ ਸਕੱਤਰ ਇਕਬਾਲ ਸਿੰਘ ਸੰਧੂ ਦੀ ਅਗਵਾਈ ਵਿੱਚ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਨੂੰ ਵੋਟ ਦੇਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦਿੱਲੀ ਦੇ ਆਗੂਆਂ ਦੇ ਇਸ਼ਾਰਿਆਂ 'ਤੇ ਸੂਬੇ ਨੂੰ ਮਾਲੀ ਤੌਰ ਉੱਤੇ ਕਮਜ਼ੋਰ ਕਰਨ ਦੀਆਂ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕੀਤੀ। ਉਨ੍ਹਾਂ ਪਾਰਟੀ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦੇ ਐੱਨਐੱਸਏ ਤਹਿਤ ਤਤਕਾਲੀ ਕਾਂਗਰਸ ਸਰਕਾਰ ਦੇ ਜਬਰ

ਖਿਲਾਫ਼ 10 ਸਾਲ ਦੀ ਜੇਲ੍ਹ ਕੱਟਣ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਗੇਦ ਦਾ ਨਿੱਘ ਮਾਨਣ ਕਰਕੇ ਉਨ੍ਹਾਂ ਨੂੰ ਵੋਟ ਦੇਣ ਦੀ ਅਪੀਲ ਕੀਤੀ। ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਹ ਦੇਸ਼ ਦੀ ਸੰਸਦ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਤੋਂ ਇਲਾਵਾ ਸੂਬੇ ਦੇ ਹੋਰ ਭਖ਼ਦੇ ਮਸਲਿਆਂ ਲਈ ਆਵਾਜ਼ ਚੁੱਕਣਗੇ। ਇਸ ਮੌਕੇ ਕੁਲਦੀਪ ਸਿੰਘ ਅੌਲਖ, ਦਲਬੀਰ ਸਿੰਘ ਜਹਾਂਗੀਰ, ਯੂਥ ਆਗੂ ਜਗਜੀਤ ਸਿੰਘ ਜੱਗੀ, ਜ਼ਿਲ੍ਹਾ ਪਰਿਸ਼ਦ ਮੈਂਬਰ ਰੁਪਿੰਦਰ ਕੌਰ ਬ੍ਰਹਮਪੁਰਾ ਨੇ ਵੀ ਸੰਬੋਧਨ ਕੀਤਾ।

ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਦੀ ਜੀਪ ਪਲਟੀ

ਮਾਛੀਵਾੜਾ ਸਾਹਿਬ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਇਥੇ ਨੇੜੇ ਸਰਹਿੰਦ ਨਹਿਰ ਦੇ ਬਹਿਲੋਲਪੁਰ ਪੁਲ ਕੋਲ ਧਾਰਮਿਕ ਅਸਥਾਨ ਤੋਂ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਦੀ ਜੀਪ ਨਹਿਰ ਕਿਨਾਰੇ ਪਲਟ ਗਈ, ਜਿਸ ਵਿਚ ਮਾਂ-ਧੀ ਮਹਿੰਦਰ ਕੌਰ (65) ਅਤੇ ਕਰਮਜੀਤ ਕੌਰ (52) ਤੇ ਦੋ ਬੱਚਿਆਂ ਦੀ ਮੌਤ ਹੋ ਗਈ। ਇਨ੍ਹਾਂ 'ਚੋਂ ਇਕ ਪਛਾਣ ਗਗਨਜੋਤ ਕੌਰ (15) ਵਜੋਂ ਹੋਈ ਹੈ। ਇੱਕ ਹੋਰ ਬੱਚਾ ਸੁਖਪ੍ਰੀਤ ਸਿੰਘ (7) ਨਹਿਰ ਵਿਚ ਰੁੜ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਪਾਇਲ ਅਧੀਨ ਨਿਜ਼ਾਮਪੁਰ, ਡਾਂਗੋਵਾਲ ਅਤੇ ਛਿਬੜਾ ਦੇ ਕਰੀਬ 15 ਤੋਂ ਵੱਧ

ਔਰਤਾਂ, ਬੱਚੇ ਤੇ ਪੁਰਸ਼ ਕੱਲ੍ਹ ਡੇਰਾ ਬਾਬਾ ਵਡਭਾਗ ਸਿੰਘ ਦੇ ਮੱਥਾ ਟੇਕਣ ਗਏ ਸਨ। ਇਹ ਸਾਰੇ ਪਰਿਵਾਰਕ ਮੈਂਬਰ ਨਵੀਂ ਮਹਿੰਦਰਾ ਪਿਕਅੱਪ ਜੀਪ 'ਤੇ ਸਵਾਰ ਹੋ ਕੇ ਮੱਥਾ ਟੇਕਣ ਉਪਰੰਤ ਅੱਜ ਜਦੋਂ ਸਵੇਰੇ ਵਾਪਸ ਆਪਣੇ ਪਿੰਡ ਜਾ ਰਹੇ ਸਨ ਤਾਂ ਪਿੰਡ ਬਹਿਲੋਲਪੁਰ ਕੋਲ ਸਰਹਿੰਦ ਨਹਿਰ ਕਿਨਾਰੇ ਗੱਡੀ ਦਾ ਸੰਤੁਲਨ ਵਿਗੜ ਗਿਆ ਤੇ ਸੜਕ ਤੋਂ ਕਰੀਬ 30 ਫੁੱਟ ਥੱਲੇ ਨਹਿਰ ਕਿਨਾਰੇ ਜਾ ਡਿੱਗੀ। ਬੇਸ਼ੱਕ ਦਰੱਖਤਾਂ ਕਾਰਨ ਗੱਡੀ ਨਹਿਰ ਵਿਚ ਡਿੱਗਣ ਤੋਂ ਬਚਾਅ ਹੋ ਗਿਆ ਪਰ ਬੱਚਾ ਸੁਖਪ੍ਰੀਤ ਸਿੰਘ ਪਾਣੀ ਵਿਚ ਜਾ ਡਿੱਗਾ ਤੇ ਰੁੜ ਗਿਆ, ਜਦਕਿ ਬਾਕੀ ਸਾਰੇ ਗੰਭੀਰ ਜਖ਼ਮੀ ਹੋ ਗਏ। ਇਸ ਹਾਦਸੇ ਵਿਚ 2 ਬੱਚਿਆਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਮਹਿੰਦਰ ਤੇ ਕਰਮਜੀਤ ਕੌਰ ਨੇ ਹਸਪਤਾਲ ਵਿਚ ਇਲਾਜ ਅਧੀਨ ਦਮ ਤੋੜ ਦਿੱਤਾ। ਚਮਕੌਰ ਸਾਹਿਬ ਹਸਪਤਾਲ ਵਿਚ ਜ਼ਖ਼ਮੀ ਹੋਏ 12 ਸ਼ਰਧਾਲੂਆਂ ਦਾ ਇਲਾਜ ਚੱਲ ਰਿਹਾ ਹੈ, ਜਿਨ੍ਹਾਂ 'ਚੋਂ ਕਾਫ਼ੀ ਦੀ ਹਾਲਤ ਗੰਭੀਰ ਹੈ। ਮੌਕੇ 'ਤੇ ਇਕੱਤਰ ਲੋਕਾਂ ਵਲੋਂ ਕਰੇਨ ਮੰਗਵਾ ਕੇ ਗੱਡੀ ਨੂੰ ਬਾਹਰ ਕੱਢਿਆ ਗਿਆ ਅਤੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ। ਜਖ਼ਮੀਆਂ ਵਿਚ ਅਮਨਪ੍ਰੀਤ ਕੌਰ ਵਾਸੀ ਸਿਹੋੜਾ, ਸਰੂਪ ਸਿੰਘ ਵਾਸੀ ਚੀਮਾ, ਪ੍ਰਿਤਪਾਲ ਕੌਰ ਵਾਸੀ ਸਿਹੋੜਾ, ਰੂਪ ਸਿੰਘ ਵਾਸੀ ਲੱਧੜ, ਸੰਦੀਪ ਕੌਰ ਵਾਸੀ ਨਿਜ਼ਾਮਪੁਰ, ਪ੍ਰਵੀਨ ਕੌਰ ਵਾਸੀ ਨਿਜ਼ਾਮਪੁਰ, ਬਲਜਿੰਦਰ ਸਿੰਘ ਵਾਸੀ ਸਿ

ਜਨਤਾ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ



ਡਾ. ਧਰਮਵੀਰ ਗਾਂਧੀ ਚੋਣ ਨਿਸ਼ਾਨ ਹੱਥ ਪੰਜਾ | ਐਨ. ਕੇ. ਸ਼ਰਮਾ ਅਕਾਲੀ ਦਲ ਚੋਣ ਨਿਸ਼ਾਨ ਤੱਕੜੀ | ਡਾ. ਬਲਬੀਰ ਸਿੰਘ ਆਪ ਚੋਣ ਨਿਸ਼ਾਨ ਝਾੜੂ | ਮਹਾਰਾਣੀ ਪ੍ਰਨੀਤ ਕੌਰ ਬੀ.ਜੇ. ਪੀ. ਚੋਣ ਨਿਸ਼ਾਨ ਕਮਲ ਦਾ ਫੁੱਲ | ਜਨਵਾਦੀ ਜਨਵਾਦੀ ਪਾਰਟੀ ਨਿਸ਼ਾਨ ਡਾਇਮੰਡ | ਕ੍ਰਿਸ਼ਨ ਕੁਮਾਰ ਗਾਬਾ ਹਿੰਦੂਸਤਾਨ ਸ਼ਕਤੀ ਸੈਨਾ ਚੋਣ ਨਿਸ਼ਾਨ ਬੰਸਰੀ | ਨੀਰਜ ਕੁਮਾਰ ਚੋਣ ਨਿਸ਼ਾਨ ਸਿਲੰਡਰ | ਮਨੋਜ ਕੁਮਾਰ ਚੋਣ ਨਿਸ਼ਾਨ ਐਪਲ | ਅਮਰਜੀਤ ਸਿੰਘ ਚੋਣ ਨਿਸ਼ਾਨ ਆਰੀ

ਪਰਮਜੀਤ ਸਿੰਘ ਪੰਮਾ ਚੋਣ ਨਿਸ਼ਾਨ ਰੋਟੀ ਦੀ ਥਾਲੀ | ਡਿੰਪਲ਼ ਬੰਦੇਸ਼ਾ ਚੋਣ ਨਿਸ਼ਾਨ ਵਿਕਟਾਂ | ਅਰਵਿੰਦ ਕਾਕਾ ਚੋਣ ਨਿਸ਼ਾਨ ਮਾਇਕ | ਜਗਦੀਸ਼ ਕੁਮਾਰ ਚੋਣ ਨਿਸ਼ਾਨ ਬੈਟ

ਡਾਕਟਰ ਗਾਂਧੀ ਦੀਆਂ ਚੋਣ ਬੈਠਕਾਂ ਨੇ ਰੈਲੀਆਂ ਦਾ ਰੂਪ ਧਾਰਿਆ

ਕਾਂਗਰਸ ਪਾਰਟੀ ਦੀ ਅਗਵਾਈ ਹੇਠ ਕੇਂਦਰ ਵਿੱਚ ਨਵੀਂ ਸਰਕਾਰ ਬਣੇਗੀ : ਡਾ: ਗਾਂਧੀ

ਪਟਿਆਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਅੱਜ ਵਿਧਾਨ ਸਭਾ ਹਲਕਾ ਨਾਭਾ ਵਿਖੇ ਵੱਖ ਵੱਖ ਥਾਵਾਂ 'ਤੇ ਹਲਕਾ ਇੰਚਾਰਜ ਅਤੇ ਸਾਬਕਾ ਮੰਤਰੀ ਸਾਧੂ ਸਿੰਘ ਦੀ ਅਗਵਾਈ ਹੇਠ ਕੀਤੀਆਂ ਚੋਣ ਬੈਠਕਾਂ ਰੈਲੀਆਂ ਦਾ ਰੂਪ ਧਾਰ ਗਈਆਂ। ਇਸ ਮੌਕੇ ਸਾਬਕਾ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਅਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਦਿਹਾਤੀ ਹਰਵਿੰਦਰ ਸਿੰਘ ਖਨੌੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਡਾਕਟਰ ਗਾਂਧੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਓਹ ਪਟਿਆਲਾ ਸਮੇਤ ਸਮੁੱਚੇ ਪੰਜਾਬ ਲਈ ਕੰਮ ਕਰਨ ਵਾਸਤੇ ਪ੍ਰਤੀਬੱਧ ਹਨ ਅਤੇ ਜਿੱਤ ਕੇ ਹਲ਼ਕੇ ਲਈ ਰਿਕਾਰਡ ਤੋੜ ਪ੍ਰਾਜੈਕਟ ਲਿਆਉਣਗੇ। ਉਹਨਾਂ ਕਿਹਾ ਕਿ ਸਿਹਤ ਅਤੇ ਸਿੱਖਿਆ ਦਾ ਖ਼ੇਤਰ

ਉਹਨਾਂ ਦੀ ਵਿਸ਼ੇਸ਼ ਤਰਜੀਹ ਰਹੇਗਾ। ਉਹਨਾਂ ਕਿਸਾਨਾਂ-ਮਜ਼ਦੂਰਾਂ, ਔਰਤਾਂ, ਨੌਜਵਾਨਾਂ, ਵਪਾਰੀ ਅਤੇ ਦੁਕਾਨਦਾਰ ਤਬਕੇ ਸਮੇਤ ਸਭ ਨੂੰ ਇੱਕਜੁੱਟ ਹੋ ਕੇ ਕਾਂਗਰਸ ਦੇ ਹੱਕ ਵਿੱਚ ਵੋਟ ਕਰਨ ਲਈ ਕਿਹਾ ਤਾਂ ਜੋ ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਹੇਠ ਇੰਡੀਆ ਗਠਜੋੜ ਦੀ ਸਰਕਾਰ ਬਣਾ ਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਜਾ ਸਕੇ।

ਉਹਨਾਂ ਕਿਹਾ ਕਿ ਮੈਂ ਆਪਣੇ 50 ਸਾਲ ਦੇ ਜਨਤਕ ਜੀਵਨ 'ਚ ਆਪਣੇ ਕਿਰਦਾਰ ਨੂੰ ਕੋਈ ਦਾਗ਼ ਨਹੀਂ ਲੱਗਣ ਦਿੱਤਾ ਅਤੇ ਇਮਾਨਦਾਰੀ ਤੇ ਸਾਫ਼ ਸੁਥਰੇ ਢੰਗ ਨਾਲ਼ ਸਮਾਜ ਵਿੱਚ ਵਿਚਰਿਆ ਹਾਂ ਜਿਸ ਕਾਰਨ ਲੋਕਾਂ ਨੂੰ ਇਹ ਗੱਲ ਪਸੰਦ ਆ ਰਹੀ ਹੈ।

ਉਹਨਾਂ ਆਖਿਆ ਕਿ ਜਿਸਦੇ ਦਿਲ 'ਚ ਜਮਹੂਰੀਅਤ, ਧਰਮ ਨਿਰਪੱਖਤਾ,ਨਿਆਂ, ਇਨਸਾਫ਼ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਧੜਕਦੀਆਂ ਹਨ,ਉਸ ਹਰ ਮਨੁੱਖ ਦਾ ਫ਼ਰਜ਼ ਬਣਦਾ ਹੈ ਕਿ ਓਹ ਕਿਸਾਨ-ਮਜ਼ਦੂਰ,ਲੋਕ ਅਤੇ ਦੇਸ਼ ਵਿਰੋਧੀ ਭਾਜਪਾ ਸਰਕਾਰ ਨੂੰ ਉਖਾੜ ਸੁੱਟਣ ਲਈ ਕੰਮ ਕਰੇ। ਇਸ ਮੌਕੇ ਸਿਰਫ਼ ਕਾਂਗਰਸ ਹੀ ਅਜਿਹੀ ਇੱਕੋ ਇੱਕ ਪਾਰਟੀ ਹੈ ਜੋ ਦੇਸ਼ ਪੱਧਰ 'ਤੇ ਮੋਦੀ ਸਰਕਾਰ ਵਿਰੁੱਧ ਸਭ ਤੋਂ ਤਿੱਖੇ ਰੂਪ 'ਚ ਲੜਾਈ ਲੜ ਕੇ ਉਸਨੂੰ ਹਰਾ ਸਕਦੀ ਹੈ। ਇਸ ਲਈ ਅੱਜ ਲੋੜ ਹੈ ਕਿ ਕਾਂਗਰਸ ਦੇ ਹੱਥ ਮਜ਼ਬੂਤ ਕੀਤੇ ਜਾਣ।

ਪਟਿਆਲਾ ਲੋਕ ਸਭਾ ਹਲਕੇ 'ਚ ਲਾਗੂ ਹੋਵੇਗਾ ਜ਼ੀਰਕਪੁਰ ਦਾ ਵਿਕਾਸ ਮਾਡਲ : ਐਨ.ਕੇ. ਸ਼ਰਮਾ

ਜ਼ੀਰਕਪੁਰ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ.ਕੇ. ਸ਼ਰਮਾ ਨੇ ਕਿਹਾ ਹੈ ਕਿ ਚੋਣਾਂ ਜਿੱਤਣ ਤੋਂ ਬਾਅਦ ਪੂਰੇ ਲੋਕ ਸਭਾ ਹਲਕੇ ਵਿੱਚ ਜ਼ੀਰਕਪੁਰ ਦਾ ਵਿਕਾਸ ਮਾਡਲ ਲਾਗੂ ਕੀਤਾ ਜਾਵੇਗਾ। ਐਨ.ਕੇ. ਸ਼ਰਮਾ ਚੋਣ ਪ੍ਰਚਾਰ ਮੁਹਿੰਮ ਦੌਰਾਨ ਜ਼ੀਰਕਪੁਰ ਹਲਕੇ ਦੇ ਲੋਕਾਂ ਦੀ ਜਨਸਭਾ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪ੍ਰਨੀਤ ਕੌਰ ਅਤੇ ਧਰਮਵੀਰ ਗਾਂਧੀ ਦੇ ਕਾਰਜਕਾਲ ਦੌਰਾਨ ਜ਼ੀਰਕਪੁਰ ਅਤੇ ਡੇਰਾਬੱਸੀ ਖੇਤਰ ਵਿੱਚ ਸ਼ੁਰੂ ਕੀਤੀਆਂ ਕਈ ਸਕੀਮਾਂ ਅਜੇ ਵੀ ਅਧੂਰੀਆਂ ਹਨ। ਇਹੀ ਕਾਰਨ ਹੈ ਕਿ ਦੋਵੇਂ ਆਗੂ ਇੱਥੋਂ ਦੇ ਉਨ੍ਹਾਂ ਇਲਾਕਿਆਂ ਵਿੱਚ ਚੋਣ ਪ੍ਰਚਾਰ ਲਈ ਨਹੀਂ ਗਏ ਜਿੱਥੇ ਇਹ ਸਕੀਮਾਂ ਲਟਕ ਰਹੀਆਂ ਹਨ।

ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਜ਼ੀਰਕਪੁਰ ਨਗਰ ਕੌਂਸਲ ਦਾ ਪ੍ਰਧਾਨ ਅਤੇ ਮੁਹਾਲੀ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਹੁੰਦਿਆਂ ਇੱਥੇ ਦਰਜਨਾਂ ਵਿਕਾਸ ਪ੍ਰਾਜੈਕਟ ਲਾਗੂ ਕੀਤੇ ਹਨ। ਪ੍ਰਨੀਤ ਕੌਰ ਅਤੇ ਗਾਂਧੀ ਜੇਕਰ ਵਿਕਾਸ ਦੇਖਣਾ ਚਾਹੁੰਦੇ ਹਨ ਤਾਂ ਉਹ ਜ਼ੀਰਕਪੁਰ ਅਤੇ ਮੋਹਾਲੀ ਵਿੱਚ ਦੇਖਣ।

ਸ਼ਰਮਾ ਨੇ ਕਿਹਾ ਕਿ ਪ੍ਰਨੀਤ ਕੌਰ ਜਾਂ ਗਾਂਧੀ ਦੀ ਆਮ ਸਮਝ ਇੰਨੀ ਕਮਜ਼ੋਰ ਹੈ ਕਿ ਉਹ ਉਨ੍ਹਾਂ ਨੂੰ ਬਾਹਰੀ ਆਖਦੇ ਰਹੇ ਹਨ ਪਰ ਉਹ ਭੁੱਲ ਰਹੇ ਹਨ ਕਿ ਜ਼ੀਰਕਪੁਰ ਪਟਿਆਲਾ ਲੋਕ ਸਭਾ ਦਾ ਮੁੱਖ ਹਿੱਸਾ ਹੈ ਅਤੇ ਇਸਦਾ ਵਿਕਾਸ ਅਕਾਲੀ ਦਲ ਦੀ ਸਰਕਾਰ ਵੇਲੇ ਹੋਇਆ ਹੈ। ਸ਼ਰਮਾ ਨੇ ਕਿਹਾ ਕਿ ਧਰਮਵੀਰ ਗਾਂਧੀ ਪੰਜ ਸਾਲ ਲੋਕ ਸਭਾ ਵਿੱਚ ਚੁੱਪ-ਚਾਪ ਬੈਠ ਕੇ ਹੀ ਸਮਾਂ ਬਿਤਾਉਂਦੇ ਰਹੇ ਅਤੇ ਕਦੇ ਵੀ ਇਸ ਖੇਤਰ ਵਿੱਚ ਨਹੀਂ ਆਏ।

ਪ੍ਰਨੀਤ ਕੌਰ ਨੇ ਆਪਣੇ ਏਜੰਟ ਦੀਪਿੰਦਰ ਢਿੱਲੋਂ ਰਾਹੀਂ ਨੀਂਹ ਪੱਥਰ ਰਖਵਾਏ ਗਏ ਸਨ, ਉਹ ਅਜੇ ਵੀ ਅਧੂਰੇ ਪਏ ਹਨ। ਅੱਜ ਪ੍ਰਨੀਤ ਕੌਰ ਕਿਹੜੇ ਮੂੰਹ ਨਾਲ ਵੋਟ ਮੰਗ ਰਹੀ ਹਨ।

ਸ਼ਰਮਾ ਨੇ ਹਾਜ਼ਰ ਇਕੱਠ ਨੂੰ ਅਪੀਲ ਕੀਤੀ ਇਸ ਇਲਾਕੇ ਦੇ ਵਿਕਾਸ ਲਈ ਉਹ ਲੋਕ ਸਭਾ ਚੋਣਾਂ ਵਿੱਚ ਕੰਮ ਅਤੇ ਕਿਰਦਾਰ ਨੂੰ ਦੇਖਦੇ ਹੋਏ ਅਕਾਲੀ ਦਲ ਨੂੰ ਵੋਟ ਦੇਣ। ਇਸ ਤੋਂ ਬਾਅਦ ਇੱਥੇ ਪਹਿਲਾਂ ਵਾਂਗ ਵਿਕਾਸ ਕਾਰਜ ਕਰਵਾਏ ਜਾਣਗੇ। ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਕ੍ਰਿਸ਼ਨਪਾਲ ਸ਼ਰਮਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ .....ਕੁਲਵਿੰਦਰ ਸਿੰਘ ਸੋਹੀ, ਕੌਂਸਲਰ ਤੇਜੀ ਸੰਧੂ, ਜੈਪਾਲ ਸਿੰਘ, ਯਾਦਵਿੰਦਰ ਸ਼ਰਮਾ, ਜਗਦੇਵ ਸਿੰਘ, ਮਨਦੀਪ ਸੈਣੀ, ਅੰਗਰੇਜ਼ ਸਿੰਘ, ਮਨੀਸ਼ਾ ਮਲਿਕ ਸਮੇਤ ਵੱਡੀ ਗਿਣਤੀ ਵਿੱਚ ਜ਼ੀਰਕਪੁਰ ਵਾਸੀ ਹਾਜ਼ਰ ਸਨ।.

ਡਾ: ਸੁਭਾਸ਼ ਸ਼ਰਮਾ ਨੇ ਸ੍ਰੀ ਅਨੰਦਪੁਰ ਸਾਹਿਬ ਦੇ ਬਹੁਪੱਖੀ ਵਿਕਾਸ ਲਈ ਜਾਰੀ ਕੀਤਾ ਸੰਕਲਪ ਪੱਤਰ

ਮੁਹਾਲੀ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਆਨੰਦਪੁਰ ਸਾਹਿਬ ਤੋਂ ਭਾਜਪਾ ਦੇ ਉਮੀਦਵਾਰ ਡਾ. ਸੁਭਾਸ਼ ਸ਼ਰਮਾ ਨੇ ਅੱਜ ਹਲਕੇ ਦੇ ਸਰਬਪੱਖੀ ਵਿਕਾਸ ਲਈ ਆਪਣਾ ਵਿਜ਼ਨ ਡਾਕੂਮੈਂਟ ਜਾਰੀ ਕੀਤਾ। ਵਿਜ਼ਨ ਡਾਕੂਮੈਂਟ ਜਾਰੀ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੀ ਸੋਚ ਸ੍ਰੀ ਅਨੰਦਪੁਰ ਸਾਹਿਬ ਵਿੱਚ ਪੈਂਦੇ ਸਾਰੇ ਵਿਧਾਨ ਸਭਾ ਹਲਕਿਆਂ ਦਾ ਸਰਬਪੱਖੀ ਵਿਕਾਸ ਕਰਨਾ ਹੈ। ਉਨ੍ਹਾਂ ਕਿਹਾ, ਜੇਕਰ ਇਸ ਹਲਕੇ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੱਤਾ ਗਿਆ ਤਾਂ ਵਿਜ਼ਨ ਡਾਕੂਮੈਂਟ ਲਾਗੂ ਹੋਣ ਨਾਲ ਸ੍ਰੀ ਆਨੰਦਪੁਰ ਸਾਹਿਬ ਪੰਜਾਬ ਦੇ ਸਰਵੋਤਮ ਹਲਕਿਆਂ ਵਿੱਚੋਂ ਇੱਕ ਬਣ ਜਾਵੇਗਾ।ਮਤਾ ਪੱਤਰ ਵਿੱਚ ਸੂਚੀਬੱਧ ਸਭ ਤੋਂ ਮਹੱਤਵਪੂਰਨ ਗੱਲਾਂ ਨੂੰ ਉਜਾਗਰ ਕਰਦਿਆਂ ਡਾ: ਸ਼ਰਮਾ ਨੇ ਕਿਹਾ ਕਿ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਨੂੰ ਸੈਰ-ਸਪਾਟਾ ਕੇਂਦਰ ਬਣਾਉਣ ਦੇ ਨਾਲ-ਨਾਲ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਯੂ.ਕੇ. ਨਾਲ ਸਿੱਧਾ ਹਵਾਈ ਸੰਪਰਕ ਯਕੀਨੀ ਬਣਾਉਣ ਦਾ ਸੰਕਲਪ ਲਿਆ ਹੈ। ਉਨ੍ਹਾਂ ਕਿਹਾ, 'ਮੁਹਾਲੀ ਨੂੰ ਅੰਤਰਰਾਸ਼ਟਰੀ ਆਈ.ਟੀ. ਉਦਯੋਗ ਦਾ ਧੁਰਾ ਬਣਾਉਣ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਵੱਡਾ ਉਦਯੋਗਿਕ ਪ੍ਰੋਜੈਕਟ ਲਿਆਉਣਾ ਉਨ੍ਹਾਂ ਦੀ ਤਰਜੀਹ ਸੂਚੀ ਵਿੱਚ ਹੋਵੇਗਾ। ਉਨ੍ਹਾਂ ਅੱਗੇ ਕਿਹਾ, 'ਵਿਕਾਸ ਦੇ ਨਾਲ-ਨਾਲ ਨਸ਼ਾਖੋਰੀ ਨੂੰ ਖ਼ਤਮ ਕਰਨਾ ਅਤੇ ਸ੍ਰੀ ਆਨੰਦਪੁਰ ਸਾਹਿਬ ਨੂੰ ਗੈਂਗਸਟਰ ਮੁਕਤ ਬਣਾਉਣਾ ਮੇਰੀ ਪਹਿਲੀ ਤਰਜੀਹ ਹੋਵੇਗੀ।'

ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿੱਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿੱਚ ਹੋਣ ਵਾਲੇ ਕੰਮਾਂ ਸਬੰਧੀ ਮਤਾ ਪੱਤਰ ਦੇ ਮੁੱਖ ਨੁਕਤਿਆਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਡਾ: ਸ਼ਰਮਾ ਨੇ ਦੱਸਿਆ ਕਿ ਮੁਹਾਲੀ ਵਿੱਚ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਾਲੀਬਾਲ ਅਤੇ ਫੁੱਟਬਾਲ ਖੇਡ ਅਕੈਡਮੀ ਬਣਾਈ ਜਾਵੇਗੀ। ਖਰੜ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਈ-ਸਪੋਰਟਸ ਅਖਾੜੇ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਰੋਪੜ ਵਿੱਚ ਇੱਕ ਕੇਂਦਰੀ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ, ਜੋ ਕਿ ਇੱਕ ਖੋਜ ਕੇਂਦਰ ਵਜੋਂ ਕੰਮ ਕਰੇਗੀ ਅਤੇ ਪੁਰਾਤਨ ਸੰਗੀਤ ਸਾਜ਼ਾਂ, ਕਲਾਕ੍ਰਿਤੀਆਂ ਅਤੇ ਪੰਜਾਬੀ ਸਾਹਿਤ ਨੂੰ ਸੁਰਜੀਤ ਕਰੇਗੀ।

ਡਾ: ਸ਼ਰਮਾ ਨੇ ਮਤਾ ਪੱਤਰ ਵਿੱਚ ਭਰੋਸਾ ਦਿੱਤਾ ਕਿ ਸ੍ਰੀ ਅਨੰਦਪੁਰ ਸਾਹਿਬ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਅਤੇ ਨੈਸ਼ਨਲ ਫਰਟੀਲਾਈਜ਼ਰ ਲਿਮਟਿਡ (ਐਨਐਫਐਲ) ਦੀਆਂ ਹਜ਼ਾਰਾਂ ਅਸਾਮੀਆਂ ਤੁਰੰਤ ਭਰੀਆਂ ਜਾਣਗੀਆਂ। ਨਾਲ ਹੀ ਸ੍ਰੀ ਆਨੰਦਪੁਰ ਸਾਹਿਬ ਦੀ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਇੰਡਸਟਰੀ ਨੂੰ ਮੁੜ ਸੁਰਜੀਤ ਕਰਨ ਲਈ ਕੇਂਦਰ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ। ਇਸ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ ਤੋਂ ਬੰਗਾ ਤੱਕ ਸੜਕ ਨੂੰ ਚੌੜਾ ਕਰਕੇ 4-ਲੇਨ ਵਿੱਚ ਤਬਦੀਲ ਕੀਤਾ ਜਾਵੇਗਾ।

ਡਾ: ਸ਼ਰਮਾ ਨੇ ਇਕ ਮਹੱਤਵਪੂਰਨ ਪ੍ਰੋਜੈਕਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਮਤਾ ਪੱਤਰ ਵਿਚ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਸ੍ਰੀ ਚਮਕੌਰ ਸਾਹਿਬ ਵਿਖੇ ਸਤਲੁਜ ਦਰਿਆ 'ਤੇ ਪੁਲ ਬਣਾਇਆ ਜਾਵੇਗਾ, ਜੋ ਮਾਛੀਵਾੜਾ ਨੂੰ ਬਲਾਚੌਰ ਨਾਲ ਜੋੜੇਗਾ । ਮੋਰਿੰਡਾ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਰੋਪੜ ਨੂੰ ਜਾਣ ਵਾਲੀਆਂ ਦੋ ਵੱਡੀਆਂ ਸੜਕਾਂ ਦਾ ਨਾਮ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਦੇ ਨਾਂ 'ਤੇ ਰੱਖਿਆ ਜਾਵੇਗਾ।

ਕਾਂਗਰਸ ਪੂਰੇ ਦੇਸ਼ ਤੋਂ ਰਾਮ ਨੂੰ ਹਟਾਉਣਾ ਚਾਹੁੰਦੀ ਹੈ, ਰਾਮ ਮੰਦਰ 'ਤੇ ਤਾਲਾ ਲਾਉਣ ਦੀ ਫਿਰਾਕ 'ਚ : ਮੋਦੀ

ਮਹੇਂਦਰਗੜ੍ਹ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਲਈ ਹਰਿਆਣਾ 'ਚ ਚੋਣ ਪ੍ਰਚਾਰ ਦਾ ਅੱਜ ਯਾਨੀ ਕਿ ਵੀਰਵਾਰ ਨੂੰ ਆਖ਼ਰੀ ਦਿਨ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਹਰਿਆਣਾ ਦੇ ਮਹੇਂਦਰਗੜ੍ਹ ਪਹੁੰਚੇ। ਇੱਥੇ ਉਨ੍ਹਾਂ ਨੇ ਚੋਣਾਵੀ ਜਨਸਭਾ ਨੂੰ ਸੰਬੋਧਿਤ ਕੀਤਾ। ਇਸ ਦੌਰਾਨ ਉਨ੍ਹਾਂ ਨੇ ਕਾਂਗਰਸ 'ਤੇ ਖੁੱਲ੍ਹ ਕੇ ਸ਼ਬਦੀ ਹਮਲਾ ਬੋਲਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਪੂਰੇ ਦੇਸ਼ ਤੋਂ ਰਾਮ ਦੇ ਨਾਂ ਨੂੰ ਹਟਾਉਣਾ ਚਾਹੁੰਦੀ ਹੈ। ਹਰਿਆਣਾ ਵਿਚ ਰਾਮ-ਰਾਮ ਦੇ ਬਿਨਾਂ ਕੋਈ ਕੰਮ ਨਹੀਂ ਹੁੰਦਾ ਪਰ ਕਾਂਗਰਸ ਦਾ ਬਸ ਚਲੇ ਤਾਂ ਹਰਿਆਣਾ ਵਿਚ ਰਾਮ ਦਾ ਨਾਂ ਲੈਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਲਵੇ। ਕਾਂਗਰਸ ਜਦੋਂ ਤੱਕ ਸੱਤਾ ਵਿਚ ਰਹੀ ਉਸ ਨੇ ਰਾਮ ਮੰਦਰ ਨਹੀਂ ਬਣਨ ਦਿੱਤਾ। ਕਾਂਗਰਸ ਨੇ ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਤੱਕ ਦਾ ਬਾਈਕਾਟ ਕਰ ਦਿੱਤਾ। ਹੁਣ ਕਾਂਗਰਸ ਜੇਕਰ ਸੱਤਾ ਵਿਚ ਆਈ ਤਾਂ ਰਾਮ ਮੰਦਰ 'ਤੇ ਤਾਲਾ ਲਾਉਣ ਦੀ ਫਿਰਾਕ ਵਿਚ ਹੈ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ

ਹਰ ਐੱਸ. ਸੀ- ਐੱਸ. ਟੀ. ਅਤੇ ਓ. ਬੀ. ਸੀ. ਨੂੰ ਭਰੋਸਾ ਦੇਣ ਆਇਆ ਹਾਂ, ਜਦੋਂ ਤੱਕ ਮੋਦੀ ਜ਼ਿੰਦਾ ਹੈ, ਕੋਈ ਵੀ ਆਦਿਵਾਸੀ, ਪਿਛੜਿਆਂ ਤੋਂ ਰਿਜ਼ਰਵੇਸ਼ਨ ਖੋਹ ਨਹੀਂ ਸਕਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜੋ ਰਿਜ਼ਰਵੇਸ਼ਨ ਓ. ਬੀ. ਸੀ. ਨੂੰ ਮਿਲਣਾ ਚਾਹੀਦਾ ਹੈ, ਉਹ ਮੁਸਲਮਾਨਾਂ ਨੂੰ ਅਤੇ ਘੁਸਪੈਠੀਆਂ ਵਿਚ ਵੰਡਿਆ ਜਾ ਰਿਹਾ ਹੈ। ਕਾਂਗਰਸ 10 ਸਾਲਾਂ ਤੋਂ ਸੱਤਾ ਤੋਂ ਬਾਹਰ ਹੈ, ਇਸ ਲਈ ਬੁਰੀ ਤਰ੍ਹਾਂ ਬੌਖਲਾ ਰਹੀ ਹੈ।

ਕਾਂਗਰਸ ਸਾਡੀ ਆਸਥਾ ਦਾ ਹੀ ਨਹੀਂ, ਸਾਡੇ ਤਿਰੰਗੇ ਦਾ ਵੀ ਅਪਮਾਨ ਕਰਦੀ ਹੈ। 70 ਸਾਲ ਤੱਕ ਕਸ਼ਮੀਰ ਵਿਚ ਤਿਰੰਗਾ ਕਿਸ ਨੇ ਨਹੀਂ ਲਹਿਰਾਉਣ ਦਿੱਤਾ? ਕਾਂਗਰਸ ਨੇ। ਅੱਜ ਇਹ ਲੋਕ ਕਹਿ ਰਹੇ ਹਨ ਕਿ ਸੱਤਾ ਵਿਚ ਆਏ ਤਾਂ ਫਿਰ ਤੋਂ 370 ਲਿਆਵਾਂਗੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਡੇ ਹਰਿਆਣਾ ਨੂੰ ਲੁੱਟਣ ਲਈ ਕਾਂਗਰਸ ਨੇ ਕੋਈ ਕੋਰ ਕਸਰ ਨਹੀਂ ਛੱਡੀ ਸੀ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਕਿ ਕਾਂਗਰਸ ਦੇ ਸਮੇਂ ਹਰਿਆਣਾ ਦਾ ਕੀ ਹਾਲ ਸੀ? ਜੋ ਮੁੱਖ ਮੰਤਰੀ ਬਣਦਾ ਸੀ, ਉਹ ਆਪਣੇ ਜ਼ਿਲ੍ਹੇ ਤੋਂ ਬਾਹਰ ਨਹੀਂ ਵੇਖਦਾ ਸੀ। ਅਜਿਹਾ ਕੋਈ ਖੇਤਰ ਨਹੀਂ, ਜਿਸ ਨੂੰ ਲੁੱਟਣ ਦਾ ਕੋਈ ਖੁੱਲ੍ਹੀ ਖੇਡ ਨਾ ਚ

1998 ਤੋਂ ਐਮ.ਪੀ. ਅਤੇ ਦੋ ਵਾਰੀ ਮੁੱਖ ਮੰਤਰੀ ਰਹੇ ਪਰਿਵਾਰ ਨੇ ਪਟਿਆਲਾ ਅਤੇ ਪੰਜਾਬ ਦਾ ਕੁਝ ਨਹੀ ਸਵਾਰਿਆ : ਹਰਚੰਦ ਸਿੰਘ ਬਰਸਟ

ਪਟਿਆਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਸ.ਹਰਚੰਦ ਸਿੰਘ ਬਰਸਟ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਪੰਜਾਬ ਫੇਰੀ ਤੇ ਸੁਆਲ ਉਠਾਂਉਦੇ ਹੋਏ ਕਿਹਾ ਕਿ ਦੋ ਸਾਲ ਪਹਿਲਾ ਪੰਜਾਬ ਦੇ ਕਿਸਾਨਾ ਨਾਲ ਦਿੱਲੀ ਦੇ ਬਾਰਡਰਾਂ ਤੇ ਕੀਤਾ ਜੁਲਮ ਅੱਜ ਤੱਕ ਪੰਜਾਬ ਦੇ ਲੋਕ ਭੁੱਲੇ ਨਹੀਂ। ਮੋਦੀ ਜੀ ਦੀ ਕਾਰਗੁਜਾਰੀ ਪੂਰੀ ਤਰ੍ਹਾਂ ਪੰਜਾਬ ਵਿਰੋਧੀ ਹੈ। ਕਿਸਾਨ ਵਿਰੋਧੀ 3 ਕਾਲੇ ਕਾਨੂੰਨ ਵਾਪਿਸ ਲਏ ਗਏ ਤਾਂ ਮੋਦੀ ਜੀ ਦਾ ਐਲਾਨ ਸਿਰਫ ਐਲਾਨ ਹੀ ਰਹਿ ਗਿਆ। ਪੰਜਾਬ ਦੇ ਕਿਸਾਨਾਂ ਤੇ ਦਰਜ਼ ਕੀਤੇ ਮੁਕੱਦਮੇ ਵਾਪਿਸ ਨਹੀਂ ਲਏ ਗਏ, 700 ਤੋਂ ਵੱਧ ਕਿਸਾਨਾਂ, ਮਜਦੂਰਾਂ ਦੀਆਂ ਸ਼ਹੀਦੀਆਂ ਹੋ ਗਈਆਂ, ਮੋਦੀ ਜੀ ਵੱਲੋ ਕੋਈ ਰਾਹਤ ਨਹੀਂ ਦਿੱਤੀ ਗਈ। ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨਾਂ ਨੂੰ ਕੋਈ ਇਨਸਾਫ ਨਹੀਂ। ਲੰਮਾ ਸਮਾਂ ਜੰਤਰ ਮੰਤਰ ਤੇ ਸ਼ਾਂਤਮਈ ਧਰਨੇ ਦੇ ਰਹੀਆਂ ਦੇਸ਼ ਦੀਆਂ ਬੱਚੀਆਂ ਨੂੰ ਕੋਈ ਇਨਸਾਫ ਨਹੀ ਦਿੱਤਾ ਗਿਆ। ਦੇਸ਼ ਦੇ ਪਬਲਿਕ ਸੈਕਟਰ ਦੇ ਅਦਾਰੇ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਵੱਡੇ ਕਾਰਪੋਰੇਟ ਘਰਾਣਿਆਂ ਦਾ 16 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜਾ ਮੁਆਫ ਕੀਤਾ ਗਿਆ। ਪੰਜਾਬ ਦੇ ਕਿਸਾਨਾਂ, ਮਜਦੂਰਾਂ ਨੂੰ ਕੋਈ ਪੈਕਜ ਨਹੀ ਦਿੱਤਾ ਗਿਆ। ਪੰਜਾਬੀਆਂ ਨਾਲ ਇਹ ਵਿਤਕਰਾਂ ਕਿਉਂ ਮੋਦੀ ਜੀ ਜੁਆਬ ਦੇਣ। ਪੰਜਾਬ ਦੀ ਤਰੱਕੀ ਲਈ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦਾ ਰੂਰਲ ਡਿਵੈਲਪਮੈਂਟ ਦਾ ਫੰਡ ਕਿਉ ਰੋਕਿਆ ? ਨੈਸ਼ਨਲ ਹੈਲਥ ਮਿਸ਼ਨ ਦਾ ਪੈਸਾ ਕਿਉ ਰੋਕਿਆ ? ਪੰਜਾਬ ਵਿੱਚ ਕੁਦਰਤੀ ਆਫਤ

ਹੜਾ ਸਮੇਂ ਕੋਈ ਪੈਕਜ਼ ਕਿਉ ਨਹੀਂ ਦਿੱਤਾ ਮੋਦੀ ਜੀ ਜੁਆਬ ਦੇਣ। ਅੱਜ ਪਿਛਲੇ ਦਸ ਸਾਲ ਪੰਜਾਬ ਨਾਲ, ਪੰਜਾਬ ਦੇ ਲੋਕਾਂ ਨਾਲ ਹਰ ਪੱਧਰ ਤੇ ਵਿਤਕਰਾ ਕਰ ਪੰਜਾਬ ਨੂੰ ਬਰਬਾਦ ਕਰਨ, ਪੰਜਾਬ ਨੂੰ ਆਰਥਿਕ ਮੰਦਹਾਲੀ ਵੱਲ ਧੱਕਣ, ਪੰਜਾਬ ਦੇ ਵਪਾਰੀਆਂ, ਕਾਰਖਾਨੇਦਾਰਾਂ ਨਾਲ ਵਿਤਕਰਾ ਕਰ ਮੋਦੀ ਜੀ ਅੱਜ ਪੰਜਾਬ ਵਿੱਚ ਕਿਸ ਨੈਤਿਕਤਾ ਨਾਲ ਆ ਰਹੇ ਹਨ।

ਦੂਜੇ ਪਾਸੇ ਜਿਸ ਪ੍ਰਨੀਤ ਕੌਰ ਜੀ ਦੀ ਮਦਦ ਲਈ ਮਾਨਯੋਗ ਮੋਦੀ ਜੀ ਪਟਿਆਲਾ ਆ ਰਹੇ ਹਨ, ਨੇ ਕਾਂਗਰਸ ਪਾਰਟੀ ਤੋਂ 1998 ਤੋਂ ਮੈਂਬਰ ਪਾਰਲੀਮੈਂਟ ਅਤੇ ਕੇਂਦਰੀ ਵਜ਼ੀਰ ਬਣ ਕੇ ਵੀ ਕਦੇ ਪੰਜਾਬ ਜਾਂ ਪਟਿਆਲਾ ਦੀ ਆਰਥਿਕ ਤਰੱਕੀ ਲਈ ਕੋਈ ਕੰਮ ਨਹੀਂ ਕੀਤਾ। ਸਿਰਫ ਮੈਂਬਰ ਪਾਰਲੀਮੈਂਟ ਨੂੰ ਮਿਲਣ ਵਾਲਾ ਫੰਡ ਵੀ ਚਹੇਤਿਆਂ ਰਾਹੀ ਹੀ ਵੰਡ ਦਿੱਤਾ ਗਿਆ। ਸਰਬੱਤ ਦੇ ਭਲੇ ਲਈ ਕੋਈ ਪ੍ਰੋਗਰਾਮ ਅਤੇ ਨੀਤੀ ਨਹੀਂ ਬਣਾਈ। ਦੋ ਵਾਰੀ ਇਸ ਘਰ ਵਿੱਚ ਮੁੱਖ ਮਤੰਰੀ ਦੀ ਕੁਰਸੀ ਮਿਲੀ, ਪਰੰਤੂ ਪਟਿਆਲਾ ਦੇ ਆਮ ਲੋਕਾਂ ਦੀ ਖੁਸ਼ਹਾਲੀ ਲਈ ਕੋਈ ਪ੍ਰੋਗਰਾਮ ਨਹੀਂ ਬਣਾਇਆ ਗਿਆ। ਕੁਝ ਚਹੇਤਿਆਂ ਨੂੰ ਆਰਥਿਕ ਲਾਭ ਦੇ ਕੇ ਆਮ ਜਨਤਾ ਨਾਲ ਧੋਖਾ ਹੀ ਕੀਤਾ। ਪਟਿਆਲਾ ਦੇ ਲੋਕ ਸਭ ਦੇਖ ਰਹੇ ਹਨ, ਇਸ ਲਈ ਮੁੜ ਸੱਤਾ ਦੀਆਂ ਪੋੜੀਆਂ ਨਹੀਂ ਚੜਨ ਦੇਣਗੇ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦੋ ਸਾਲਾਂ ਵਿੱਚ ਹਰ ਪਰਿਵਾਰ ਨੂੰ 600 ਯੂਨਿਟ ਮੁਫਤ ਬਿਜਲੀ, ਮੁਹੱਲਾ ਕਲੀਨਿਕ, ਸਕੂਲਾਂ ਦੀ ਦਸ਼ਾ ਵਿੱਚ ਸੁਧਾਰ, 43000 ਨੌਕਰੀਆਂ, ਭੈਣਾ ਨੂੰ ਮੁਫਤ ਬੱਸ ਸਫਰ, ਕਿਸਾਨਾਂ ਨੂੰ ਮੁਫਤ ਬਿਜਲੀ ਅਤੇ ਪ੍ਰਾਈਵੇਟ ਥਰਮਲ ਖਰੀਦ ਕੇ ਪੰਜਾਬ ਦੇ ਲੋਕਾਂ ਨੂੰ ਸਮਰਪਿਤ ਕਰਕੇ ਹੋਰ ਲੋਕ ਭਲਾਈ ਦੇ ਸੈਂਕੜੇ ਕੰਮ ਕਰ ਕੇ ਪੰਜਾਬ ਦੀ ਜਨਤਾ ਦਾ ਪਿਆਰ ਅਤੇ ਵਿਸ਼ਵਾਸ ਜਿੱਤਿਆ ਹੈ। ਇਸ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੀ ਹਾਰ ਪੱਕੀ ਹੈ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਪੱਕੀ ਹੈ।

ਮੋਤੀ ਮਹਿਲ ਵਾਲਿਆਂ ਨੇ ਬੁਲਾ ਲਿਆ ਮੋਦੀ ਪਰ ਨਹੀਂ ਲੱਗਣੀ ਮਹਾਰਾਣੀ ਦੀ ਬੇੜੀ ਪਾਰ: ਐਨ ਕੇ ਸ਼ਰਮਾ

ਪਟਿਆਲਾ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਪਾਰਲੀਮਾਨੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਐਨ ਕੇ ਸ਼ਰਮਾ ਨੇ ਕਿਹਾ ਹੈ ਕਿ ਪਟਿਆਲਾ ਪਾਰਲੀਮਾਨੀ ਹਲਕੇ ਵਿਚ ਚੋਣ ਲੜ ਰਹੇ ਮੋਤੀ ਮਹਿਲ ਵਾਲਿਆਂ ਨੇ ਬੇਸ਼ੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦ ਲਿਆ ਹੈ ਪਰ ਇਸ ਨਾਲ ਵੀ ਮਹਾਰਾਣੀ ਪ੍ਰਨੀਤ ਕੌਰ ਦੀ ਬੇੜੀ ਪਾਰਕ ਹੋਣ ਵਾਲੀ ਨਹੀਂ ਹੈ।

ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਐਨ ਕੇ ਸ਼ਰਮਾ ਨੇ ਕਿਹਾ ਕਿ ਅੱਜ 47 ਡਿਗਰੀ ਤਾਪਮਾਨ ਵਿਚ ਅੰਤਾਂ ਦੀ ਗਰਮੀ ਵਿਚ ਵੀ ਅਕਾਲੀ ਦਲ ਦੇ ਪ੍ਰੋਗਰਾਮਾਂ ਵਿਚ ਹਜ਼ਾਰਾਂ ਦਾ ਇਕੱਠ ਹੋ ਰਿਹਾ ਹੈ। ਇਸ ਤੋਂ ਸਪਸ਼ਟ ਹੋ ਗਿਆ ਹੈ ਕਿ ਅਕਾਲੀ ਦਲ ਬਹੁਤ ਵੱਡੀ ਲੀਡ ਨਾਲ ਜਿੱਤ ਗਿਆ ਹੈ ਤੇ ਸਿਰਫ ਐਲਾਨ ਹੋਣਾ ਬਾਕੀ ਹੈ।

ਮੀਡੀਆ ਦੇ ਸਵਾਲਾਂ ਦੇ ਜਵਾਬ ਵਿਚ ਐਨ ਕੇ ਸ਼ਰਮਾ ਨੇ ਕਿਹਾ ਕਿ ਇਹ ਰਿਵਾਜ ਹੋ ਗਿਆ ਹੈ ਕਿ ਰੱਜ ਕੇ ਝੂਠ ਬੋਲ ਕੇ ਸਰਕਾਰਾਂ ਬਣਾ ਲਈਆਂ। ਬਾਅਦ ਵਿਚ ਜਿਹੜੀਆਂ ਵੱਡੇ ਬਾਦਲ ਸਾਹਿਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਕੀਮਾਂ ਚਲਾਈਆਂ ਸੀ, ਉਹ ਸਭ ਬੰਦ ਕਰ ਦਿੱਤੀਆਂ ਹਨ।

ਉਹਨਾਂ ਦੱਸਿਆ ਕਿ ਪਹਿਲਾਂ ਬਾਦਲ ਸਰਕਾਰ ਵਿਚ 30 ਕਿਲੋ ਕਣਕ ਮਿਲ ਰਹੀ ਸੀ ਜੋ ਕਾਂਗਰਸ ਨੇ ਘਟਾ ਕੇ 15 ਕਿਲੋ ਕੀਤੀ ਤੇ ਹੁਣ ਇਹਨਾਂ ਨੇ 5 ਕਿਲੋ ਆਟਾ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਚੋਣਾਂ ਵਿਚ ਹੀ ਆਟਾ ਦਾਲ ਨਹੀਂ ਵੰਡੀ ਜਾ ਰਹੀ ਤਾਂ ਫਿਰ ਚੋਣਾਂ ਤੋਂ ਬਾਅਦ ਕੀ ਹਸ਼ਰ ਹੋਵੇਗਾ, ਇਸਦਾ ਅੰਦਾਜ਼ਾ ਸਹਿਜੇ ਲਗਾਇਆ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਜਿਹੜੇ ਸ਼ਾਹੀ ਮਹਿਲ ਵਾਲੇ ਚੋਣਾਂ ਲੜ ਰਹੇ ਹਨ, ਜੋ ਕਹਿੰਦੇ ਸੀ ਕਿ ਤੁਹਾਡੀ ਔਕਾਤ ਕੀ ਹੈ, ਉਹਨਾਂ ਨੂੰ ਅੱਜ ਚੋਣਾਂ ਲੜਨ ਵਾਅਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੁਲਾਉਣ ਦਾ ਸਹਾਰਾ ਲੈਣਾ ਪੈ ਰਿਹਾ ਹੈ।

ਆਮ ਆਦਮੀ ਪਾਰਟੀ ਵੱਲੋਂ ਪ੍ਰਧਾਨ ਜੀਤਾ ਦੀ ਅਗਵਾਈ ਵਿੱਚ ਵਾਰਡ ਨੰਬਰ 2 ਵਿੱਚ ਘਰੋਂ ਘਰੀ ਪ੍ਰਚਾਰ

ਸ੍ਰੀ ਅਨੰਦਪੁਰ ਸਾਹਿਬ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਉਂ ਜਿਉਂ ਚੋਣਾਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਸਿਆਸੀ ਪਾਰਟੀਆਂ ਵੱਲੋਂ ਚੋਣ ਪ੍ਰਚਾਰ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ। ਲੋਕ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਲਵਿੰਦਰ ਸਿੰਘ ਕੰਗ ਦੀ ਚੋਣ ਮੁਹਿਮ ਨੂੰ ਅੱਜ ਉਸ ਵੇਲੇ ਭਰਵਾ ਹੁੰਗਾਰਾ ਮਿਲਿਆ ਜਦੋਂ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਵਰਕਰ, ਅਹੁਦੇਦਾਰ ਅਤੇ ਸਮੂਹ ਕੌਂਸਲਰਾਂ ਨੇ ਰਲ ਕੇ ਵਾਰਡ ਨੰਬਰ 2 ਵਿਖੇ ਭਰਵੀ ਮੀਟਿੰਗ ਕੀਤੀ ਅਤੇ ਘਰੋਂ ਘਰੀ ਪ੍ਰਚਾਰ ਕਰਦਿਆਂ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਅਨੰਦਪੁਰ ਸਾਹਿਬ ਨੇ ਕਿਹਾ ਕਿ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਦਾਖਲੇ ਮੌਕੇ ਬਣੇ ਪੰਜ ਪਿਆਰਾ ਪਾਰਕ ਨੇ ਬੀਤੇ ਸਮੇਂ ਦੌਰਾਨ ਖੰਡਰ ਦਾ ਰੂਪ ਧਾਰਨ ਕਰ ਲਿਆ ਸੀ ਪ੍ਰੰਤੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਨਿੱਜੀ ਰੁਚੀ ਕਾਰਨ ਅੱਜ ਪੰਜ ਪਿਆਰਾ ਪਾਰਕ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਿਹਾ ਹੈ ਤੇ ਉਕਤ ਪਾਰਕ ਦਾ 3 ਕਰੋੜ ਰੁਪਏ ਦੀ ਲਾਗਤ ਨਾਲ ਸੁੰਦਰੀਕਰਨ ਕੀਤਾ ਗਿਆ ਹੈ।

ਉਨਾਂ ਕਿਹਾ ਕਿ ਯਾਤਰੀ ਸੂਚਨਾ ਕੇਂਦਰ,ਕੁਦਰਤੀ ਪਾਰਕ,ਭਾਈ ਜੈਤਾ ਜੀ ਯਾਦਗਾਰ ਵਰਗੇ ਕਰੋੜਾਂ ਰੁਪਏ ਦੇ ਪ੍ਰੋਜੈਕਟ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿਨ ਰਾਤ ਮਿਹਨਤ ਕਰਕੇ ਉਕਤ ਪ੍ਰੋਜੈਕਟ ਪੂਰੇ ਕਰਵਾਏ ਗਏ ਉਹਨਾਂ ਨੇ ਕਿਹਾ ਕ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ ਤੇ ਅੱਜ ਇਹ ਸਹੂਲਤ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਨੂੰ ਦਿੱਤੀ ਜਾ ਰਹੀ ਹੈ ਤੇ ਬਿਜਲੀ ਦਾ ਬਿੱਲ ਜੀਰੋ ਆ ਰਿਹਾ ਹੈ ਅਤੇ ਸ਼ਹਿਰ ਵਿੱਚ ਜੋ ਪਾਣੀ ਦੇ ਬਿੱਲਾਂ ਦਾ ਮਸਲਾ ਸੀ ਉਹ ਵੀ ਮਾਨਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਵਿਸ਼ਵਾਸ ਦਵਾਇਆ ਗਿਆ ਹੈ ਕਿ ਸ਼ਹਿਰ ਵਿੱਚ ਪਾਣੀ ਦੇ ਬਿੱਲ ਸਬੰਧੀ ਜੋ ਸਮੱਸਿਆ ਹੈ ਉਸਦਾ ਜਲਦੀ ਹੱਲ ਕਰ ਦਿੱਤਾ ਜਾਵੇਗਾ ਮੁਹੱਲਾ ਕਲੀਨਿਕ,ਸਰਕਾਰੀ ਹਸਪਤਾਲਾਂ ਚ' ਮੁਫਤ ਮਿਲ ਰਹੀਆਂ ਦਵਾਈਆਂ, ਸਿੱਖਿਆ ਦੇ ਖੇਤਰ ਵਿੱਚ ਆਏ ਵੱਡੇ ਸੁਧਾਰਾਂ ਦੀ ਗੱਲ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਲੋਕ ਸਭਾ ਚੋਣਾਂ ਵਿੱਚ ਮਲਵਿੰਦਰ ਸਿੰਘ ਕੰਗ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਇਆਂ ਜਾਵੇ ਤਾਂ ਜੋ ਉਹ ਲੋਕ ਸਭਾ ਵਿੱਚ ਜਾ ਕੇ ਸਾਡੇ ਇਲਾਕੇ ਦੀ ਗੱਲ ਕਰ ਸਕਣ ਇਸ ਮੌਕੇ ਇੰਦਰਜੀਤ ਅਰੋੜਾ ਪ੍ਰਧਾਨ ਵਪਾਰ ਮੰਡਲ ਕੌਂਸਲਰ ਪ੍ਰਵੀਨ ਕੌਸ਼ਲ, ਕੌਂਸਲਰ ਗੁਰਪ੍ਰੀਤ ਕੌਰ ਕੌਂਸਲਰ ਬਿਕਰਮਜੀਤ ਸਿੰਘ ਸੰਧੂ, ਕੌਂਸਲਰ ਦਿਲਜੀਤ ਸਿੰਘ ਕੈਂਥ, ਕੌਂਸਲਰ ਜਸਬੀਰ ਕੌਰ ਗਰਚਾ , ਸੁਨੀਲ ਅਡਵਾਲ ਪ੍ਰਧਾਨ ਰੇੜੀ ਯੂਨੀਅਨ, ਇੰਦਰਜੀਤ ਸਿੰਘ ਰਾਜੂ, ਸ਼ਮੀ ਬਰਾਰੀ ਯੂਥ ਆਗੂ , ਬਲਾਕ ਪ੍ਰਧਾਨ ਠੇਕੇਦਾਰ ਜਗਜੀਤ ਸਿੰਘ ਜੱਗੀ ਅਤੇ ਦਵਿੰਦਰ ਸਿੰਘ ਛਿੰਦੂ, ਐਡਵੋਕੇਟ ਨਿਖਲ ਭਾਰਦਵਾਜ, ਵਾਲਮੀਕ ਸਭਾ ਪ੍ਰਧਾਨ ਰਵੀ ਹੰਸ, ਮਾਸਟਰ ਕੁਲਦੀਪ ਸਿੰਘ, ਇੰਦਰਜੀਤ ਕੌਸ਼ਲ, ਦਵਿੰਦਰ ਕੌਸ਼ਲ, ਕਿਸ਼ੋਰ ਕੁਮਾਰ ਮਿੰਟੂ ਪ੍ਰਧਾਨ ਕਬੀਰ ਪੰਥੀ, ਹਰਪਾਲ ਕੌਰ ਜ਼ਿਲਾ ਜੁਆਇੰਟ ਸਕੱਤਰ, ਹਰਮਿੰਦਰ ਕੌਰ, ਰਣਜੀਤ ਕੌਰ ਜਿਲਾ ਵਾਈਸ ਪ੍ਰਧਾਨ, ਬਲਜੀਤ ਕੌਰ, ਸਰਬਜੀਤ ਕੌਰ, ਹੈਪੀ ਜੱਸਲ, ਸੁਖਦੇਵ ਸਿੰਘ ਬੀਟੀ, ਲੱਕੀ ਅਨੰਦਪੁਰੀਆ, ਸੁਰਿੰਦਰ ਸਿੰਘ ਵਿੱਕੀ, ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਵਾਰਡ ਨੰਬਰ ਵਾਸੀ ਹਾਜ਼ਰ ਸਨ

ਕਾਂਗਰਸ ਦੇ ਰਾਜ ਭਾਗ ਨੇ ਬਰਬਾਦ ਕੀਤੇ ਦੇਸ਼ ਦੇ 60 ਸਾਲ: ਸੁਭਾਸ਼ ਸ਼ਰਮਾ

ਨਵਾਂ ਸ਼ਹਿਰ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਡਾਕਟਰ ਸੁਭਾਸ਼ ਸ਼ਰਮਾ ਨੇ ਕਿਹਾ ਕਿ ਕਾਂਗਰਸ ਅਤੇ ਇਸ ਦੇ ਸਹਿਯੋਗੀ ਦਲਾਂ ਨੇ ਮਿਲ ਕੇ ਦੇਸ਼ ਦੇ 60 ਸਾਲ ਬਰਬਾਦ ਕਰ ਦਿੱਤੇ। ਅੱਜ ਆਪਣੇ ਚੋਣ ਪ੍ਰਚਾਰ ਦੌਰਾਨ ਪਿੰਡ ਲੋਹਗੜ੍ਹ ਵਿਖੇ ਭਰਵੀਆਂ ਮੀਟਿੰਗਾ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਐਨ ਡੀ ਏ ਗਠਜੋੜ ਸਰਕਾਰ ਨੇ ਪੱਛੜੀਆ ਸ਼੍ਰੇਣੀਆਂ ਦੇ ਕਮਿਸ਼ਨ ਨੂੰ ਸੰਵਿਧਾਨਕ ਦਰਜ਼ਾ ਦੇ ਕੇ ਗਰੀਬਾਂ ਨੂੰ ਵੱਡੀ ਰਾਹਤ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਕਿ ਇਹ ਭਾਜਪਾ ਹੀ ਹੈ ਜਿਸ ਨੇ ਪਹਿਲਾਂ ਦਲਿਤ ਪੁੱਤਰ ਅਤੇ ਫਿਰ ਆਦਿਵਾਸੀ ਧੀ ਨੂੰ ਸਭ ਤੋਂ ਉੱਚੇ ਸੰਵਿਧਾਨਕ ਆਹੁਦੇ ਤੇ ਬਿਠਾਇਆ। ਉਨ੍ਹਾਂ ਕਿ ਕਾਂਗਰਸ ਦੇ ਸਾਰੇ ਪ੍ਰਧਾਨ ਮੰਤਰੀਆਂ ਨੇ ਓ ਬੀ ਸੀ ਰਿਜ਼ਰਵੇਸ਼ਨ ਦਾ ਵਿਰੋਧ ਕੀਤਾ।

ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਅਹਿਮ ਮੁੱਦੇ ਜਿਨ੍ਹਾਂ ਵਿੱਚ ਨਸ਼ਾ, ਬੇਰੋਜਗਾਰੀ, ਗੈਂਗਵਾਰ, ਭ੍ਰਿਸ਼ਟਾਚਾਰ ਖਤਮ ਕਰਨ ਅਤੇ ਸੂਬੇ ਵਿੱਚ ਅਮਨ ਸ਼ਾਂਤੀ ਕਾਇਮ ਰੱਖਣ ਵਿੱਚ ਆਮ ਆਦਮੀ ਪਾਰਟੀ ਨਾਕਾਮ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਦੇ ਸਮੇਂ ਵੀ ਮਕਾਨ ਬਨਾਉਣ ਮਹਿੰਗਾ ਸੀ ਅਤੇ ਹੁਣ ਵੀ ਰੇਤ-ਬਜਰੀ ਦੇ ਵਧੇ ਰੇਟਾਂ ਕਾਰਨ ਆਮ ਵਿਅਕਤੀ ਆਪਣਾ ਘਰ ਬਨਾਉਣ ਮੁਸ਼ਕਿਲ ਹੋ ਰੱਖਿਆ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਇੱਕੋਂ ਹਨ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਦੋਵੇਂ ਇਕੱਠੇ ਚੋਣ ਲੜ ਰਹੇ ਹਨ, ਪਰ ਪੰਜਾਬ ਵਿਚ ਇਕ ਦੂਜੇ ਨੂੰ ਗਾਲਾਂ ਕੱਢ ਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੱਭ ਜਾਣਦੇ ਹਨ ਅਤੇ ਹੁਣ ਉਹ ਆਪ ਅਤੇ ਕਾਂਗਰਸ ਨੂੰ ਸਬਕ ਸਿਖਾਉਣ ਦੇ ਮੂਡ ਵਿੱਚ ਤਿਆਰ ਬੈਠੇ ਹਨ।

ਹਵਾਈ ਅੱਡੇ ਉੱਤੇ ਆਉਣ ਜਾਣ ਵਾਲੇ ਸਾਰੇ ਚਾਰਟਿਡ ਜਹਾਜਾਂ ਦੀ ਸੂਚਨਾ ਜਿਲਾ ਚੋਣ ਦਫਤਰ ਨੂੰ ਦਿੱਤੀ ਜਾਵੇ : ਥੋਰੀ

ਜਿਲਾ ਚੋਣ ਅਧਿਕਾਰੀ ਸ੍ਰੀ ਘਨਸਾਮ ਥੋਰੀ ਸ੍ਰੀ ਗੁਰੂ ਰਾਮਦਾਸ ਅੰਤਰਰਾਸਟਰੀ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ। ਨਾਲ ਨਜ਼ਰ ਆ ਰਹੇ ਹਨ ਪੁਲਿਸ ਕਮਿਸ਼ਨਰ ਸ: ਗੁਰਪ੍ਰੀਤ ਸਿੰਘ ਭੁੱਲਰ

ਅੰਮ੍ਰਿਤਸਰ, 27 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਚੋਣ ਅਧਿਕਾਰੀ ਸ੍ਰੀ ਘਨਸਾਮ ਥੋਰੀ ਨੇ ਸ੍ਰੀ ਗੁਰੂ ਰਾਮਦਾਸ ਅੰਤਰਰਾਸਟਰੀ ਹਵਾਈ ਅੱਡੇ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਹਦਾਇਤ ਕੀਤੀ ਕਿ ਚੋਣਾਂ ਦੇ ਚੱਲਦੇ ਹਵਾਈ ਅੱਡੇ ਉੱਤੇ ਆਉਣ ਵਾਲੇ ਸਾਰੇ ਚਾਰਟਿ

ਗੇਟ ਹਕੀਮਾ ਇਲਾਕੇ 'ਚ ਸੁਰੱਖਿਆ ਪ੍ਰਬੰਧ ਚੌਕਸ, ਸਪੈਸ਼ਲ ਨਾਕਾਬੰਦੀ ਕਰ ਵਾਹਨਾਂ ਦੀ ਕੀਤੀ ਚੈਕਿੰਗ

ਅੰਮ੍ਰਿਤਸਰ 27 ਮਈ। ਲੋਕ ਸਭਾ ਚੋਣਾਂ-2024 ਨੂੰ ਲੈ ਕੇ ਜਿੱਥੇ ਸਿਆਸੀ ਪਾਰਟੀਆਂ ਚੋਣ ਪ੍ਰਚਾਰ ਵਿਚ ਆਪਣਾ ਪੂਰਾ ਜੋਰ ਲਾ ਰਹੀਆਂ ਹਨ, ਉਥੇ ਹੀ ਦੂਸਰੇ ਪਾਸੇ ਪੁਲਸ ਪ੍ਰਸ਼ਾਸਨ ਨੇ ਵੀ ਸੁਰੱਖਿਆ ਪ੍ਰਬੰਧ ਚੌਕਸ ਕੀਤੇ ਹੋਏ ਹਨ। ਥਾਣਾ ਗੇਟ ਹਕੀਮਾ ਇਲਾਕੇ ਵਿਚ ਸਪੈਸ਼ਲ ਨਾਕਾਬੰਦੀ ਕਰ ਕੇ ਵਾਹਨਾਂ ਦੀ ਜਾਂਚ ਕੀਤੀ ਗਈ ਅਤੇ ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਰਾਊਂਡਅਪ ਵੀ ਕੀਤਾ ਗਿਆ। ਥਾਣਾ ਗੇਟ ਹਕੀਮਾ ਦੇ ਇੰਚਾਰਜ ਸਬ-ਇੰਸਪੈਕਟਰ ਸਤਨਾਮ ਸਿੰਘ ਤੇ ਇੰਚਾਰਜ ਏ. ਐੱਸ. ਆਈ. ਅਸ਼ਵਨੀ ਕੁਮਾਰ ਦੀ ਅਗਵਾਈ ਵਿਚ ਨਾਕੇ ਲਾਏ ਗਏ ਅਤੇ ਹਰ ਆਉਣ ਜਾਣ ਵਾਲੇ ਵਾਹਨਾਂ ਨੂੰ ਲੈ ਕੇ ਰੋਕ ਕੇ ਤਲਾਸ਼ੀ ਲਈ ਗਈ। ਥਾਣਾ ਇੰਚਾਰਜ ਸਬ-ਇੰਸਪੈਕਟਰ ਸਤਨਾਮ ਸਿੰਘ ਨੇ ਦੱਸਿਆ ਕਿ ਚੋਣਾਂ ਦੇ ਮੱਦੇਨਜਰ ਖੇਤਰ ਵਿਚ ਪੂਰੀ ਸਖਤੀ ਵਰਤੀ ਜਾ ਰਹੀ ਹੈ। ਇਲਾਕੇ ਦੇ ਹਿਸਟਰੀ ਸ਼ੀਟਰਾਂ ਨਾਲ-ਨਾਲ ਅਪਰਾਧਿਕ ਲੋਕਾਂ 'ਤੇ ਖਾਸ ਨਜਰ ਰੱਖੀ ਜਾ ਰਹੀ ਹੈ। ਕਿਸੇ ਵੀ ਵਿਅਕਤੀ ਨੂੰ ਕਾਨੂੰਨ ਤੋੜਨ ਦੀ ਗੁਜਾਇਸ਼ ਨਹੀਂ ਹੈ ਅਤੇ ਪੁਲਸ ਚੋਣਾਂ ਨੂੰ ਮੱਦੇਨਜਰ ਰੱਖ ਕੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵਚਨਬੱਧ ਹੈ।

ਆਬਕਾਰੀ ਵਿਭਾਗ ਵੱਲੋਂ 1 ਲੱਖ 10 ਹਜਾਰ ਕਿਲੋ ਲਾਹਣ ਤੇ 80 ਲੀਟਰ ਨਾਜਾਇਜ ਸ਼ਰਾਬ ਬਰਾਮਦ

ਦਸੂਹਾ 27 ਮਈ। ਲੋਕ ਸਭਾ ਦੀਆਂ ਚੋਣਾਂ ਦੇ ਮੱਦੇਨਜਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਆਬਕਾਰੀ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਚਲਾਈ ਮੁਹਿੰਮ ਦੌਰਾਨ ਦਸੂਹਾ ਇਲਾਕੇ ਦੇ ਬਿਆਸ ਦਰਿਆ ਦੇ ਨਜਦੀਕ ਪਿੰਡ ਪੈਂਦੇ ਪਿੰਡ ਭੀਖੋਵਾਲ, ਢੇਰਕਿਆਣਾ ਅਤੇ ਮੰਡ ਇਲਾਕੇ ਵਿਚ ਨਾਜਾਇਜ ਸ਼ਰਾਬ ਅਤੇ ਲਾਹਣ ਫੜਨ ਲਈ ਈ. ਟੀ. ਓ. ਹੁਸ਼ਿਆਰਪੁਰ ਸੁਖਵਿੰਦਰ ਸਿੰਘ ਅਤੇ ਈ. ਟੀ. ਓ. ਨਵਜੋਤ ਭਾਰਤੀ ਦੁਆਰਾ ਦਸੂਹਾ ਪੁਲਸ ਦੀ ਮਦਦ ਨਾਲ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਮੌਕੇ ਇਕ ਲੱਖ 10 ਹਜਾਰ ਕਿਲੋ ਲਾਹਣ, 80 ਲੀਟਰ ਨਾਜਾਇਜ ਸ਼ਰਾਬ, ਦੋ ਚਾਲੂ ਭੱਠੀਆਂ, 32 ਤਰਪਾਲਾਂ, ਦੋ ਡਰੰਮ, ਦੋ ਪਲਾਸਟਿਕ ਕੰਟੇਨਰ, ਤਿੰਨ ਲੋਹੇ ਦੇ ਡਰੰਮ ਤੋਂ ਇਲਾਵਾ ਰਸਕੱਟ ਗੁੜ, ਨਸ਼ਾਦਰ ਤੇ ਹੋਰ ਸ਼ਰਾਬ ਬਣਾਉਣ ਦਾ ਸਾਮਾਨ ਬਰਾਮਦ ਕੀਤਾ ਗਿਆ। ਇਸ ਸਬੰਧੀ ਈ. ਟੀ. ਓ. ਸੁਖਵਿੰਦਰ ਸਿੰਘ ਅਤੇ ਈ. ਟੀ. ਓ. ਨਵਜੋਤ ਭਾਰਤੀ ਨੇ ਦੱਸਿਆ ਕਿ ਇਸ ਸਰਚ ਆਪ੍ਰੇਸ਼ਨ ਦੌਰਾਨ ਦਸੂਹਾ ਪੁਲਸ ਦੇ ਅਧਿਕਾਰੀਆਂ ਤੋਂ ਇਲਾਵਾ ਆਬਕਾਰੀ ਵਿਭਾਗ ਦੇ ਇੰਸਪੈਕਟਰ ਲਵਪ੍ਰੀਤ ਸਿੰਘ, ਇੰਸਪੈਕਟਰ ਅਜੇ ਸ਼ਰਮਾ, ਇੰਸਪੈਕਟਰ ਅਮਿਤ ਬਿਆਸ, ਇੰਸਪੈਕਟਰ ਅਨਿਲ ਕੁਮਾਰ ਆਦਿ ਹਾਜਰ ਸਨ। ਉਨ੍ਹਾਂ ਦੱਸਿਆ ਕਿ ਇਹ ਸਰਚ ਆਪ੍ਰੇਸ਼ਨ ਛੇ ਘੰਟੇ ਲਗਾਤਾਰ ਚੱਲਿਆ। ਇਸ ਸਰਚ ਆਪ੍ਰੇਸ਼ਨ ਦੌਰਾਨ ਬੇੜੀਆਂ ਦੀ ਵੀ ਵਰਤੋਂ ਕੀਤੀ ਗਈ। ਈ. ਟੀ. ਓ. ਸੁਖਵਿੰਦਰ ਸਿੰਘ ਨੇ ਹੋਰ ਦੱਸਿਆ ਕਿ ਇਸ ਫੜੀ ਗਈ ਨਾਜਾਇਜ ਸ਼ਰਾਬ ਅਤੇ ਲਾਹਣ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ।

ਲੋਕ ਸਭਾ ਹਲਕਾ ਪਟਿਆਲਾ 'ਚ 1971 ਤੋਂ ਲੈ ਕੇ ਹੁਣ ਤੱਕ 7 ਵਾਰ ਜਿੱਤੀ ਕਾਂਗਰਸ

ਕਿਸ਼ਨ ਪਾਲ

ਜਲੰਧਰ/ਪਟਿਆਲਾ 27 ਮਈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚ ਪਟਿਆਲਾ ਸ਼ਹਿਰ ਆਪਣਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਹਲਕਾ ਪੰਜਾਬ ਦੇ ਸਾਰੇ ਲੋਕ ਸਭਾ ਹਲਕਿਆਂ ਨਾਲੋਂ ਵੱਧ ਵੋਟਰਾਂ ਵਾਲਾ ਹਲਕਾ ਹੈ। ਇਸ ਵਾਰ ਪਟਿਆਲਾ ਹੌਟ ਸੀਟ ਵੀ ਬਣੀ ਹੋਈ ਹੈ, ਕਿਉਂਕਿ ਭਾਜਪਾ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਅਤੇ ਸੰਸਦ ਮੈਂਬਰ ਪ੍ਰਨੀਤ ਕੌਰ 'ਤੇ ਦਾਅ ਖੇਡਿਆ ਗਿਆ ਹੈ, ਜਦਕਿ ਆਮ ਆਦਮੀ ਪਾਰਟੀ ਵੱਲੋਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ। ਜੇਕਰ ਵੋਟਰਾਂ ਦੇ ਹਿਸਾਬ ਨਾਲ ਗੱਲ ਕੀਤੀ ਜਾਵੇ ਤਾਂ ਪਟਿਆਲਾ ਸਾਰੀਆਂ 13 ਲੋਕ ਸਭਾ ਸੀਟਾਂ 'ਚੋਂ ਵੱਡਾ ਹਲਕਾ ਹੈ। ਪਿਛਲੇ ਪੰਜ ਸਾਲਾਂ 'ਚ ਇਥੇ ਵੋਟਰਾਂ ਦੀ ਗਿਣਤੀ ਪੌਣੇ ਦੋ ਲੱਖ ਤੋਂ ਵੀ ਪਾਰ ਕਰ ਗਈ। ਸਾਲ 2019 ਦੀ ਲੋਕ ਸਭਾ ਚੋਣ ਦੌਰਾਨ ਇਥੇ 16 ਲੱਖ ਦੇ ਕਰੀਬ ਵੋਟਰ ਸਨ, ਜਦਕਿ ਹੁਣ ਇਥੇ ਵੋਟਰਾਂ ਦੀ ਗਿਣਤੀ 17 ਲੱਖ 83 ਹਜ਼ਾਰ 681 ਹੈ। ਦੱਸ ਦੇਈਏ ਕਿ 2024 ਲੋਕ ਸਭਾ ਚੋਣਾਂ ਲਈ ਉਮੀਦਵਾਰਾਂ 'ਚ 'ਆਪ' ਨੇ ਕੈਬਨਿਟ ਮੰਤਰੀ ਕੈਬਨਿਟ ਮੰਤਰੀ ਡਾ. ਬਲਬੀਰ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਐੱਨ. ਕੇ. ਸ਼ਰਮਾ 'ਤੇ ਦਾਅ ਖੇਡਿਆ ਹੈ। ਉਥੇ ਹੀ ਕਾਂਗਰਸ ਵੱਲੋਂ ਡਾ. ਧਰਮਵੀਰ ਗਾਂਧੀ ਨੂੰ ਟਿਕਟ ਦਿੱਤੀ ਗਈ ਹੈ, ਜਦਕਿ ਭਾਜਪਾ ਵੱਲੋਂ ਪਰਨੀਤ ਕੌਰ ਨੂੰ ਇਥੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਪਰਨੀਤ ਕੌਰ ਨੇ ਹਾਲ ਹੀ 'ਚ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ਪਾਰਟੀ ਜੁਆਇਨ ਕੀਤੀ ਹੈ। ਇਸ ਤੋਂ ਇਲਾਵਾ ਬਸਪਾ ਨੇ ਜਗਜੀਤ ਸਿੰਘ ਛੜਬੜ ਨੂੰ ਟਿਕਟ ਦਿੱਤੀ ਹੈ।

ਪਟਿਆਲਾ ਹੌਟ ਸੀਟ 'ਤੇ ਇਨ੍ਹਾਂ ਪੰਜ ਉਮੀਦਵਾਰਾਂ ਵਿਚਾਲੇ ਜਬਰਦਸਤ ਮੁਕਾਬਲਾ ਵੇਖਣ ਨੂੰ ਮਿਲੇਗਾ। ਜੇਕਰ ਪਟਿਆਲਾ ਲੋਕ ਸਭਾ ਦੇ ਹੁਣ ਤੱਕ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ 1971 ਤੋਂ 2019 ਤੱਕ 13 ਵਾਰ ਹੋਈਆਂ ਚੋਣਾਂ 'ਚ ਕਾਂਗਰਸ ਨੇ ਸਭ ਤੋਂ ਵੱਧ 7 ਵਾਰ ਚੋਣ ਜਿੱਤੀ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਨੇ 4 ਵਾਰ ਇਹ ਸੀਟ ਜਿੱਤੀ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਨੇ ਇਕ ਵਾਰ ਅਤੇ ਇਕ ਵਾਰ ਆਜ਼ਾਦ ਉਮੀਦਵਾਰ ਚੋਣ ਜਿੱਤਣ 'ਚ ਸਫਲ ਰਿਹਾ ਹੈ। 1971 'ਚ ਹੋਈ ਚੋਣ ਦੌਰਾਨ ਕਾਂਗਰਸੀ ਉਮੀਦਵਾਰ ਸਤਪਾਲ ਕਪੂਰ ਨੇ ਪਟਿਆਲਾ ਸੀਟ ਜਿੱਤੀ ਸੀ, ਜਿਨ੍ਹਾਂ ਨੂੰ ਕੁੱਲ 47.87 ਫੀਸਦੀ ਵੋਟਾਂ ਹਾਸਲ ਹੋਈਆਂ ਸਨ। ਸਾਲ 1977 'ਚ ਸੀਨੀਅਰ ਅਕਾਲੀ ਆਗੂ ਅਤੇ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਨੇ ਪਹਿਲੀ ਵਾਰ ਪਟਿਆਲਾ ਸੀਟ ਜਿੱਤ ਕੇ ਅਕਾਲੀ ਦਲ ਦਾ ਝੰਡਾ ਬੁਲੰਦ ਕੀਤਾ ਸੀ। 1980 'ਚ ਇਥੋਂ ਕੈਪਟਨ ਅਰਮਿੰਦਰ ਸਿੰਘ ਨੇ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤੀ, ਜਿਸ ਦੌਰਾਨ ਉਨ੍ਹਾਂ ਨੂੰ 56 ਫੀਸਦੀ ਤੋਂ ਵੱਧ ਵੋਟਾਂ ਹਾਸਲ ਹੋਈਆਂ ਸਨ। ਸਾਲ 1985 'ਚ ਹੋਈਆਂ ਚੋਣਾਂ ਵਿਚ ਵੀ ਅਕਾਲੀ ਦਲ ਦੇ ਉਮੀਦਵਾਰ ਚਰਨਜੀਤ ਸਿੰਘ ਜੇਤੂ ਰਹੇ। 1992 'ਚ ਕਾਂਗਰਸ ਦੇ ਉਮੀਦਵਾਰ ਸੰਤ ਰਾਮ ਸਿੰਗਲਾ ਪਟਿਆਲਾ ਤੋਂ ਲੋਕ ਸਭਾ ਮੈਂਬਰ ਬਣੇ। ਫਿਰ 1996 ਅਤੇ 1998 'ਚ ਪਟਿਆਲਾ ਤੋਂ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਜਿੱਤ ਹਾਸਲ ਕੀਤੀ ਸੀ। ਇਸ ਤੋਂ ਬਾਅਦ 1999, 2004 ਅਤੇ 2009 ਦੌਰਾਨ ਕਾਂਗਰਸ ਵਿਚ ਰਹੇ ਪ੍ਰਨੀਤ ਕੌਰ ਲਗਾਤਾਰ ਇਸ ਸੀਟ 'ਤੇ ਜਿੱਤ ਪ੍ਰਾਪਤ ਕਰਦੇ ਰਹੇ। ਪਰਨੀਤ ਕੌਰ ਨੇ ਲਗਾਤਾਰ ਤਿੰਨ ਵਾਰ ਸੀਟ ਜਿੱਤੇ ਪਰ 2014 'ਚ ਆਮ ਆਦਮੀ ਪਾਰਟੀ 'ਚ ਰਹੇ ਡਾ. ਧਰਮਵੀਰ ਗਾਂਧੀ ਨੇ ਜਿੱਤ ਹਾਸਲ ਕਰਕੇ ਇਸ ਰੁਝਾਨ ਨੂੰ ਠੱਲ੍ਹ ਪਾਈ ਸੀ। ਡਾ. ਗਾਂਧੀ ਨੇ ਪਰਨੀਤ ਕੌਰ ਨੂੰ 20 ਹਜ਼ਾਰ 942 ਵੋਟਾਂ ਨਾਲ ਹਰਾਇਆ। ਹਾਲਾਂਕਿ 2019 ਲੋਕ ਸਭਾ ਚੋਣਾਂ 'ਚ ਪਰਨੀਤ ਕੌਰ ਮੁੜ ਲੋਕ ਸਭਾ ਮੈਂਬਰ ਚੁਣੇ ਗਏ। ਪਟਿਆਲਾ ਲੋਕ ਸਭਾ ਚੋਣ ਭਾਜਪਾ ਲਈ ਇਤਿਹਾਸਕ ਹੋਵੇਗੀ ਕਿਉਂਕਿ ਉਸ ਨੇ 32 ਸਾਲ ਬਾਅਦ ਆਪਣਾ ਉਮੀਦਵਾਰ ਉਤਾਰਿਆ ਹੈ। ਇਸ ਤੋਂ ਪਹਿਲਾਂ 1992 ਵਿੱਚ ਭਾਜਪਾ ਨੇ ਦੀਵਾਨ ਚੰਦ ਸਿੰਗਲਾ ਨੂੰ ਆਪਣੇ ਦਮ 'ਤੇ ਚੋਣ ਲੜਾਈ ਸੀ ਪਰ ਉਹ ਤੀਜੇ ਸਥਾਨ 'ਤੇ ਰਹੇ ਸਨ। ਉਪਰੰਤ 1996 ਤੋਂ 2021 ਤੱਕ ਭਾਜਪਾ ਅਤੇ ਅਕਾਲੀ ਦਲ ਗਠਜੋੜ ਤਹਿਤ ਚੋਣਾਂ ਲੜਦੇ ਰਹੇ ਹਨ। ਪਟਿਆਲਾ ਲੋਕ ਸਭਾ ਹਲਕੇ 'ਚ ਪਟਿਆਲਾ ਸ਼ਹਿਰੀ, ਸਨੌਰ, ਘਨੌਰ, ਰਾਜਪੁਰਾ, ਸਮਾਣਾ, ਪਟਿਆਲਾ ਦਿਹਾਤੀ, ਸ਼ੁਤਰਾਣਾ ਅਤੇ ਨਾਭਾ 'ਤੇ ਆਧਾਰਿਤ ਅੱਠ ਹਲਕੇ ਪਟਿਆਲਾ ਜ਼ਿਲ੍ਹੇ ਦੇ ਅਧੀਨ ਆਉਂਦੇ ਹਨ, ਜਦਕਿ ਡੇਰਾਬੱਸੀ ਹਲਕਾ ਮੋਹਾਲੀ ਜ਼ਿਲ੍ਹੇ ਦਾ ਹਿੱਸਾ ਹੈ। ਡੇਰਾਬੱਸੀ ਹਲਕੇ 'ਚ ਸਭ ਤੋਂ ਵੱਧ 2,86,217 ਵੋਟਰ ਹਨ, ਜਦਕਿ ਸਨੌਰ ਦੂਜੇ ਨੰਬਰ 'ਤੇ ਆਉਂਦਾ ਹੈ ਜਿੱਥੇ 22,5,752 ਵੋਟਰ ਹਨ।

ਤਿੰਨ ਕੱਦਾਵਰ ਲੀਡਰਾਂ ਦੀਆਂ ਪਤਨੀਆਂ ਉਮੀਦਵਾਰ, ਦਾਅ 'ਤੇ ਲੱਗਿਆ ਹੋਇਐ ਵੱਕਾਰ

ਏਜੰਸੀਆਂ

ਚੰਡੀਗੜ੍ਹ 27 ਮਈ। ਪੰਜਾਬ 'ਚ ਇਸ ਵਾਰ ਲੋਕ ਸਭਾ ਚੋਣਾਂ 'ਚ ਸੂਬੇ ਦੇ ਕੱਦਾਵਰ ਨੇਤਾਵਾਂ ਦੀਆਂ ਪਤਨੀਆਂ ਚੋਣ ਮੈਦਾਨ 'ਚ ਹਨ। ਤਿੰਨ ਵੱਡੇ ਨੇਤਾਵਾਂ ਲਈ ਇਹ ਚੋਣਾਂ ਵੱਕਾਰ ਦਾ ਸਵਾਲ ਬਣੀਆਂ ਹੋਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪਰਨੀਤ ਕੌਰ ਪਟਿਆਲਾ ਤੋਂ ਤੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੋਂ ਚੋਣ ਲੜ ਰਹੇ ਹਨ। ਇਸ ਕਾਰਨ ਇਨ੍ਹਾਂ ਤਿੰਨਾਂ ਸੀਨੀਅਰ ਆਗੂਆਂ ਲਈ ਲੋਕ ਸਭਾ ਚੋਣਾਂ ਬਹੁਤ ਹਨ ਅਤੇ ਉਨ੍ਹਾਂ ਵੱਲੋਂ ਆਪਣੀ ਜੀਵਨ ਸਾਥਣ ਦੀ ਜਿੱਤ ਲਈ ਸਖਤ ਮਿਹਨਤ ਕੀਤੀ ਜਾ ਰਹੀ ਹੈ। ਪ੍ਰਨੀਤ ਕੌਰ ਅਤੇ ਹਰਸਿਮਰਤ ਕੌਰ ਨੂੰ ਕਈ ਸਾਲਾਂ ਦਾ ਸਿਆਸੀ ਤਜਰਬਾ ਹੈ ਅਤੇ ਦੋਵੇਂ ਕੇਂਦਰੀ ਮੰਤਰੀ ਰਹਿ ਚੁੱਕੀਆਂ ਹਨ ਜਦਕਿ ਅਨੀਤਾ ਸੋਮ ਪ੍ਰਕਾਸ਼ ਪਹਿਲੀ ਵਾਰ ਚੋਣ ਲੜਨ ਜਾ ਰਹੇ ਹਨ। ਪ੍ਰਨੀਤ ਕੌਰ ਤਜਰਬੇਕਾਰ ਸਿਆਸਤਦਾਨ ਹਨ। ਪਹਿਲਾਂ ਪਟਿਆਲਾ ਤੋਂ ਕਾਂਗਰਸ ਵੱਲੋਂ ਚਾਰ ਵਾਰ ਸੰਸਦ ਲਈ ਚੁਣੇ ਜਾਣ ਤੋਂ ਬਾਅਦ ਹੁਣ ਭਾਜਪਾ ਵੱਲੋਂ ਪਟਿਆਲਾ ਤੋਂ ਚੋਣ ਲੜ ਰਹੇ ਹਨ। ਇਹ ਚੋਣ ਕੈਪਟਨ ਅਮਰਿੰਦਰ ਸਿੰਘ ਲਈ ਬਹੁਤ ਮਹੱਤਵ ਰੱਖਦੀ ਹੈ ਕਿਉਂਕਿ ਕਾਂਗਰਸ ਨਾਲੋਂ ਦਹਾਕਿਆਂ ਦੀ ਸਾਂਝ ਤੋਂ ਬਾਅਦ ਉਨ੍ਹਾਂ ਦੇ ਜੀਵਨ ਸਾਥਣ ਪਰਨੀਤ ਕੌਰ ਭਾਜਪਾ ਵੱਲੋਂ ਚੋਣ ਲੜ ਰਹੇ ਹਨ। ਉਨ੍ਹਾਂ ਦਾ ਮੁਕਾਬਲਾ ਕਾਂਗਰਸ ਦੇ ਡਾ. ਧਰਮਵੀਰ ਗਾਂਧੀ, 'ਆਪ' ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਐੱਨ.ਕੇ .ਸ਼ਰਮਾ ਨਾਲ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਪਤਨੀ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਚੋਣ ਲੜ ਰਹੇ ਹਨ। ਉਨ੍ਹਾਂ ਦੇ ਮੁਕਾਬਲੇ

'ਆਪ' ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਮੈਦਾਨ 'ਚ ਹਨ, ਜੋ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਉਨ੍ਹਾਂ ਦੇ ਸਹੁਰਾ ਸਾਹਿਬ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾ ਚੁੱਕੇ ਹਨ। ਭਾਜਪਾ ਵੱਲੋਂ ਉਨ੍ਹਾਂ ਦੇ ਮੁਕਾਬਲੇ ਸਾਬਕਾ ਆਈ.ਏ. ਐੱਸ. ਅਧਿਕਾਰੀ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਮਲੂਕਾ ਮੈਦਾਨ 'ਚ ਹਨ। ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਇਸ ਵਾਰ ਲੋਕ ਸਭਾ ਚੋਣ ਨਹੀਂ ਲੜ ਰਹੇ। ਉਨ੍ਹਾਂ ਦੇ ਪਤਨੀ ਅਨੀਤਾ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੋਂ ਚੋਣ ਲੜ ਰਹੇ ਹਨ। 2019 ਦੀ ਲੋਕ ਸਭਾ ਚੋਣ 'ਚ ਸੋਮ ਪ੍ਰਕਾਸ਼ ਨੇ ਕਾਂਗਰਸ ਦੇ ਡਾ. ਰਾਜ ਕੁਮਾਰ ਚੱਬੇਵਾਲ ਨੂੰ ਹਰਾਇਆ ਸੀ। ਇਸ ਵਾਰ ਦੀਆਂ ਚੋਣਾਂ 'ਚ ਵੀ ਡਾ. ਚੱਬੇਵਾਲ ਉਨ੍ਹਾਂ ਦੀ ਪਤਨੀ ਦੇ ਮੁਕਾਬਲੇ ਚੋਣ ਮੈਦਾਨ 'ਚ ਹਨ। ਇਸ ਕਾਰਨ ਸਭ ਦੀਆਂ ਨਜਰਾਂ ਇਸ ਹਲਕੇ ਦੇ ਨਤੀਜਿਆਂ 'ਤੇ ਟਿਕੀਆਂ ਹੋਈਆਂ ਹਨ।

ਲੱਕੜ ਦੇ ਆਰੇ ਦਾ ਲਾਈਸੈਂਸ ਜਾਰੀ ਕਰਨ ਬਦਲੇ ਰਿਸ਼ਵਤ ਲੈਂਦਾ ਜੰਗਲਾਤ ਬੇਲਦਾਰ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

ਚੰਡੀਗੜ੍ਹ 27 ਮਈ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਮੰਗਲਵਾਰ ਨੂੰ ਜ਼ਿਲ੍ਹਾ ਜੰਗਲਾਤ ਦਫਤਰ ਖਾਸਾ, ਅੰਮ੍ਰਿਤਸਰ ਵਿਖੇ ਬੇਲਦਾਰ ਵਜੋਂ ਤਾਇਨਾਤ ਨਿਰਮਲ ਸਿੰਘ ਨੂੰ 10000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜਮ ਨੂੰ ਜੋਬਨਦੀਪ ਸਿੰਘ ਵਾਸੀ ਪਿੰਡ ਘਰਿੰਡਾ, ਤਹਿਸੀਲ ਅਟਾਰੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰ ਕੇ ਦੱਸਿਆ ਹੈ ਕਿ ਉਹ ਲੱਕੜ ਦਾ ਆਰਾ ਲਾਉਣਾ ਚਾਹੁੰਦਾ ਹੈ ਅਤੇ ਉਕਤ ਬੇਲਦਾਰ ਨੇ ਉਸ ਨੂੰ ਲਾਇਸੈਂਸ ਜਾਰੀ ਕਰਾਉਣ ਵਿੱਚ ਮਦਦ ਕਰਨ ਬਦਲੇ 10000 ਰੁਪਏ ਰਿਸਵਤ ਦੀ ਮੰਗ ਕੀਤੀ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ